# ਸਮਕਾਲੀ ਪੰਜਾਬੀ ਨਾਟਕ: ਰਾਜਨੀਤਕ ਅਵਚੇਤਨ

***ਡਾ. ਰਵਿੰਦਰ ਸਿੰਘ,***
*ਐਸੋਸੀਏਟ ਪ੍ਰੋਫੈਸਰ,*
*ਦਿਆਲ ਸਿੰਘ ਕਾਲਜ, ਦਿੱਲੀ.*

**ਸ**ਮਕਾਲੀ ਸਾਹਿਤ ਦਾ ਰੁਝਾਨ ਇਤਿਹਾਸਕ ਅਤੇ ਮਿਥਿਹਾਸਕ ਤੱਤਾਂ ਦਾ ਰਾਜਨੀਤਕ ਅਵਚੇਤਨ ਦੀ ਪ੍ਰਤੱਖਣ ਦ੍ਰਿਸ਼ਟੀ ਨਾਲ ਜਾਇਜ਼ਾ ਲੈਣ ਵਾਲਾ ਹੈ। ਇਸ ਦ੍ਰਿਸ਼ਟੀ ਨਾਲ ਸੰਗਠਤ ਹੋਣ ਵਾਲੀ ਵਿਚਾਰਧਾਰਕ ਸੁਰ ਨੂੰ ਅਗੋਂ ਸਾਹਿਤਕ ਟੈਕਸਟ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ। ਯਥਾਰਥ ਵਿਚ ਜੋ ਅਣਸੁਲਝੇ ਸਮਾਜਕ-ਸਭਿਆਚਾਰਕ ਤਨਾਓ ਭਾਰੂ ਵਿਚਾਰਧਾਰਾ ਜਾਂ ਭਾਰੂ ਸਮਾਜ-ਸਭਿਅਚਾਰ ਦੀ ਬਣਤਰ ਹੇਠ ਦੱਬੇ ਜਾਂਦੇ ਹਨ ਸਾਹਿਤ ਟੈਕਸਟ ਉਨ੍ਹਾਂ ਅਵਚੇਤਨ ਵਿਚ ਦੱਬੇ ਪਏ ਤਨਾਓ ਤੇ ਸੰਘਰਸ਼ਾਂ ਨੂੰ ਪੇਸ਼ ਵੀ ਕਰਦਾ ਹੈ ਅਤੇ ਨਾਲ ਹੀ ਉਸਦਾ ਸਾਹਿਤਕ ਹੱਲ ਦੇਣ ਦਾ ਉਪਰਾਲਾ ਵੀ ਕਰਦਾ ਹੈ। ਅਜਿਹਾ ਉਪਰਾਲਾ ਅਗੋਂ ਵੱਡੀ ਪੱਧਰ ‘ਤੇ ਸਮਾਜ ਵਿਚ ਸੰਘਰਸ਼ ਕਰ ਰਹੇ ਵਰਗਾਂ ਦੀ ਵਿਚਾਰਧਾਰਕ ਸੁਰ ਦਾ ਸੰਕੇਤ ਵੀ ਬਣ ਜਾਂਦਾ ਹੈ। ਇਸ ਦੀ ਬੁਨਿਆਦ ਵਿਚ ਇਨ੍ਹਾਂ ਸਮਾਜਕ ਵਰਗਾਂ ਦਾ ਰਾਜਨੀਤਕ ਅਵਚੇਤਨ ਕਾਰਜਸ਼ੀਲ ਹੁੰਦਾ ਹੈ ਜੋ ਸਮਾਜਕ-ਸਭਿਆਚਾਰਕ ਇਤਿਹਾਸ ਵਿਚ ਆਪਣੀ ਥਾਂ ਦੀ ਤਲਾਸ਼ ਕਰਨ ਅਤੇ ਨਿਰਧਾਰਿਤ ਕਰਨ ਦਾ ਜਤਨ ਕਰਦੇ ਹਨ। ਅਜੋਕੇ ਸਮੇਂ ਵਿਚ ਜੋ ਪੰਜਾਬੀ ਨਾਟਕ ਸਾਡੇ ਸਾਹਮਣੇ ਆ ਰਿਹਾ ਹੈ ਉਸ ਵਿਚ ਅਜਿਹੀ ਚੇਤਨਾ ਵਾਲੇ ਨਾਟਕਾਂ ਦੀ ਸੁਰ ਪ੍ਰਧਾਨ ਪ੍ਰਤੀਤ ਹੁੰਦੀ ਹੈ। ਭਾਵੇਂ ਕਿ ਉਨ੍ਹਾਂ ਵਿਚ ਕੋਈ ਸਿੱਧਾ ਰਾਜਨੀਤਕ ਸੰਵਾਦ ਨਾਂ ਵੀ ਨਜ਼ਰ ਆਵੇ ਪਰ ਫਿਰ ਵੀ ਉਨ੍ਹਾਂ ਦੇ ਅਵਚੇਤਨ ਵਿਚ ਇਹ ਨਵੀਆਂ ਚਿੰਤਨ-ਦ੍ਰਿਸ਼ਟੀਆਂ ਕਾਰਜਸ਼ੀਲ ਰਹਿੰਦੀਆਂ ਹਨ।

ਸਮਕਾਲੀ ਸਾਹਿਤ ਸਿਰਜਣਾ ਅਤੇ ਅਧਿਐਨ ਵਿਚ ਇਤਿਹਾਸ ਦੀ ਭੂਮਿਕਾ ਕਾਫੀ ਮਹੱਤਵਪੂਰਣ ਹੁੰਦੀ ਜਾ ਰਹੀ ਹੈ। ਇਤਿਹਾਸ ਸਿਰਫ ਬੀਤ ਗਈਆਂ ਘਟਨਾਵਾਂ ਦੀ ਸਿਲਸਿਲੇਵਾਰ ਸੂਚੀ ਹੀ ਨਹੀਂ ਹੁੰਦਾ ਸਗੋਂ ਇਹ ਇਕ ਬਿਰਤਾਂਤਕ ਪਾਠ ਵੀ ਹੁੰਦਾ ਹੈ ਜਿਸਨੂੰ ਆਕਾਰ ਦਿੰਦਿਆਂ ਬਹੁਤ ਸਾਰੇ ਬਾਹਰੀ ਤੱਤ ਪ੍ਰਭਾਵਿਤ ਕਰ ਰਹੇ ਹੁੰਦੇ ਹਨ। ਅਜੋਕੇ ਸਮੇਂ ਵਿਚ ਗਿਆਨ ਚਿੰਤਨ ਦੇ ਵਿਕਾਸ ਨੇ ਸਾਹਿਤ ਦੀ ਵੀ ਅੰਤਰ-ਅਨੁਸ਼ਾਸਨੀ ਵਿਧਾ ਨਾਲ ਅਧਿਐਨ ਕਰਨ ਦੀ ਸੋਝੀ ਪੈਦਾ ਕੀਤੀ ਹੈ। ਉੱਤਰ-ਸੰਰਚਨਾਵਾਦ ਨਾਲ ਸਾਹਮਣੇ ਆਈਆਂ ਅਧਿਐਨ ਵਿਧੀਆਂ ਨੇ ਕਿਸੇ ਪਾਠ ਨੂੰ ਉਸਦੇ ਸੰਦਰਭ ਦੀ ਅਹਿਮੀਅਤ ਨਾਲ ਜੋੜਿਆ। ਮਾਰਕਵਾਦੀ ਚਿੰਤਨ ਨੇ ਵੀ ਸਾਹਿਤ ਨੂੰ ਨਿਰੋਲ ਸੁਹਜਵਾਦ ਦੇ ਘੇਰੇ ਵਿਚੋਂ ਮੁਕਤ ਕਰਕੇ ਸਮਾਜ-ਸਭਿਆਚਾਰ ਨਾਲ ਜੋੜਿਆ। ਸਾਹਿਤ ਹੁਣ ਸਭਿਆਚਾਰ ਨਿਰਮਾਣ ਦੀ ਪ੍ਰਕਿਰਿਆ ਦਾ ਇਕ ਭਰੋਸੇਯੋਗ ਦਸਤਾਵੇਜ਼ ਵੀ ਬਣ ਗਿਆ ਹੈ। ਇਸ ਯੁੱਗ ਵਿਚ ਸਾਹਿਤ ਨੇ ਹੀ

ਇਤਿਹਾਸਕਾਰੀ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਕਾਰਗਰ ਬਣਾਇਆ ਹੈ। ਜਿਵੇਂ ਸਮਾਜ ਦੀ ਬਣਤਰ ਵਿਚ ਆਰਥਕ, ਰਾਜਨੀਤਕ, ਸਭਿਆਚਾਰਕ, ਧਾਰਮਿਕ ਅਤੇ ਦਾਰਸ਼ਨਿਕ ਆਦਿ ਪੱਖਾਂ ਦੇ ਆਪਸੀ ਰਿਸ਼ਤੇ ਅਹਿਮੀਅਤ ਰਖਦੇ ਹਨ, ਉਸੇ ਤਰ੍ਹਾਂ ਸਾਹਿਤ ਦੇ ਅਧਿਐਨ ਵਿਚ ਵੀ ਇਨ੍ਹਾਂ ਤੱਤਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਹਿਤਕ ਟੈਕਸਟ ਸਮਾਜ-ਸਭਿਆਚਾਰ ਦੇ ਜਿਸ ਅਵਚੇਤਨ ਨੂੰ ਆਤਮਸਾਤ ਕਰਕੇ ਲਿਖਤੀ ਰੂਪ ਵਿਚ ਪ੍ਰਗਟ ਕਰਨ ਦਾ ਉਪਰਾਲਾ ਕਰਦਾ ਹੈ ਉਸਦਾ ਸਰੋਕਾਰ ਵੀ ਇਨ੍ਹਾਂ ਸ਼ਕਤੀ-ਪ੍ਰਵਚਨਾਂ (ਪਾਵਰ-ਡਿਸਕੋਰਸ) ਦੇ ਆਪਸੀ ਰਿਸ਼ਤਿਆਂ ਨਾਲ ਹੀ ਹੈ। ਇਸ ਸੰਦਰਭ ਵਿਚ ਜਦ ਅਸੀਂ ਰਾਜਨੀਤਕ ਅਵਚੇਤਨ ਦੀ ਗੱਲ ਕਰਦੇ ਹਾਂ ਤਾਂ ਇਹ ਅਮਲ ਭਾਰੂ ਸਭਿਆਚਾਰਕ ਪ੍ਰਵਚਨਾਂ ਹੇਠ ਦੱਬੇ ਅਣ-ਸੁਲਝੇ ਵਿਰੋਧਾਂ ਅਤੇ ਸੰਘਰਸ਼ਾਂ ਦੀ ਪੇਸ਼ਕਾਰੀ ਹੈ।

ਪੰਜਾਬੀ ਸਾਹਿਤ ਦਾ ਜੋ ਦੌਰ ਪ੍ਰਗਤੀਵਾਦੀ ਚਿੰਤਨ ਦੇ ਅਸਰ ਹੇਠ ਵਿਕਸਤ ਹੋਇਆ ਸੀ ਉਸੇ ਦੇ ਵਿਕਾਸ ਦੀ ਅਵਸਥਾ ਵਿਚ ਪੰਜਾਬੀ ਨਾਟਕਕਾਰਾਂ ਨੇ ਮਾਰਕਸਵਾਦੀ ਵਿਚਾਰਧਾਰਾ ਅਧੀਨ ਉਭਰੇ ਰਾਜਨੀਤਕ ਅਵਚੇਤਨ ਦੇ ਵਿਚਾਰ ਨੂੰ ਵੀ ਅਨੁਭਵ ਕੀਤਾ ਹੈ। ਸਮਾਜਕ-ਸਭਿਆਚਾਰਕ ਸਮੱਸਿਆਵਾਂ ਨੂੰ ਵੇਖਣ ਦੀ ਸਮਝ ਵਿਚ ਵਿਕਾਸ ਆਉਣ ਨਾਲ ਨਾਟਕਕਾਰਾਂ ਨੇ ਵੀ ਭਾਰਤੀ ਇਤਿਹਾਸ-ਮਿਥਿਹਾਸ ਨੂੰ ਪੁਨਰ ਪਰਿਭਾਸ਼ਿਤ ਕਰਨ ਦਾ ਅਮਲ ਸ਼ੁਰੂ ਕੀਤਾ। ਇਤਿਹਾਸਕਾਰੀ ਵਿਚ ਤਾਂ ਨਵੀਆਂ ਅਧਿਐਨ ਵਿਧੀਆਂ ਨੇ ਸਮਾਜ-ਸਭਿਆਚਾਰ ਦੀ ਬਣਤਰ ਵਿਚ ਪਈਆਂ ਅਨੇਕਾਂ ਪਰਤਾਂ ਨੂੰ ਫਰੋਲਿਆ ਹੀ ਤੇ ਨਾਲ ਹੀ ਅਜਿਹੀ ਨਵ-ਇਤਿਹਾਸਵਾਦੀ ਚੇਤਨਾ ਨੇ ਪੰਜਾਬੀ ਸਾਹਿਤਕਾਰੀ ਨੂੰ ਵੀ ਪ੍ਰਭਾਵਿਤ ਕੀਤਾ। ਸਾਹਿਤ ਵਿਚ ਚਲ ਰਹੇ ਪ੍ਰਗਤੀਵਾਦੀ ਚਿੰਤਨ ਰਾਹੀਂ ਹੀ ਦੂਜੀਆਂ ਪੱਛਮੀ ਚਿੰਤਨ-ਦ੍ਰਿਸ਼ਟੀਆਂ ਵੀ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਨਵ-ਇਤਿਹਾਸਵਾਦ ਨੇ ਸਾਹਿਤ ਦਾ ਇਤਿਹਾਸ-ਮਿਥਿਹਾਸ ਨਾਲ ਬਹੁਤ ਗੰਭੀਰ ਰਿਸ਼ਤਾ ਜੋੜ ਦਿਤਾ ਹੈ। ਇਸ ਚਿੰਤਨ ਪਿੱਛੇ ਰਾਜਨੀਤਕ ਅਵਚੇਤਨ ਦੀ ਵਿਚਾਰ ਦ੍ਰਿਸ਼ਟੀ ਵੀ ਕਾਰਜਸ਼ੀਲ ਹੈ। ਇਸ ਸੰਦਰਭ ਵਿਚ ਫਰੈਡਰਿਕ ਜੇਮਸਨ ਦਾ ਨਾਮ ਵਿਸ਼ੇਸ਼ ਜ਼ਿਕਰਯੋਗ ਹੈ। ਮਾਰਕਸ-ਹੀਗਲ ਦੇ ਦਾਰਸ਼ਨਿਕ ਸਰੋਕਾਰਾਂ ਤਹੱਤ ਹੀ ਜੇਮਸਨ ਨੇ ਸਭਿਆਚਾਰ ਨਿਰਮਾਣ ਦੀ ਬੁਨਿਆਦ ਵਿਚ ਕਾਰਜਸ਼ੀਲ ਰਾਜਨੀਤਕ ਅਵਚੇਤਨ ਦੇ ਪੱਖ ਨੂੰ ਪ੍ਰਸਤੁਤ ਕੀਤਾ। ਫਰੈਡਰਿਕ ਜੇਮਸਨ ਮੁਤਾਬਿਕ ਸਾਹਿਤ, ਰਾਜਨੀਤਕ ਅਵਚੇਤਨ ਦੀ ਤਲਾਸ਼ ਕਰਨ ਦਾ ਵਸੀਲਾ ਪੈਦਾ ਕਰਦਾ ਹੈ। ਰਾਜਨੀਤਕ ਅਵਚੇਤਨ ਤੋਂ ਭਾਵ ਹੈ ਕਿ ਸਮਾਜ ਅਣਸੁਲਝੇ ਟਕਰਾਵਾਂ/ਸੰਘਰਸ਼ਾਂ ਅਤੇ ਅੰਦਰਲੇ ਵਿਰੋਧਾਭਾਸਾਂ ਨੂੰ ਕਿਸੇ ਭਾਰੂ ਵਿਚਾਰਧਾਰਾ ਹੇਠ ਦਬਾ ਦਿੰਦਾ ਹੈ। ਪਰ ਸਾਹਿਤ ਦੇ ਅਧਿਐਨ ਨਾਲ ਇਹ ਦੱਬੇ ਹੋਏ ਮਸਲੇ ਉਭਾਰਨ ਵਿਚ ਮਦਦ ਮਿਲਦੀ ਹੈ। ਇਸ ਨਾਲ ਸਭਿਆਚਾਰ ਨਿਰਮਾਣ ਦੇ ਅਮਲ ਪਿੱਛੇ ਪਏ ਵਿਚਾਰਧਾਰਾ ਦੇ ਮਹੱਤਵ ਨੂੰ ਵੀ ਸਮਝਿਆ ਜਾ ਸਕਦਾ ਹੈ। ਇਸ ਲਈ ਜੇਮਸਨ ਸਾਹਿਤ ਨੂੰ ਸੰਕੇਤਕ ਬਿਰਤਾਂਤ

ਮੰਨਦਾ ਹੈ ਜੋ ਕਿ ਸਭਿਆਚਾਰ ਨਿਰਮਾਣ ਦੀ ਬੁਨਿਆਦ ਵਿਚ ਦੱਬੇ ਪਏ ਅਣਸੁਲਝੇ ਵਿਚਾਰਧਾਰਕ ਟਕਰਾਵਾਂ ਨੂੰ ਪ੍ਰਗਟ ਕਰਦਾ ਹੈ। ਇਕੋ ਸਾਹਿਤਕ ਰਚਨਾ ਇਤਿਹਾਸ ਦੀ ਦਵੰਦਾਤਮਕਤਾ ਰਾਹੀਂ ਪੇਸ਼ ਹੋਣ ਵਾਲੇ ਸਮਾਜ ਨੂੰ ਵੱਖੋ-ਵੱਖਰੇ ਅਰਥ ਪ੍ਰਦਾਨ ਕਰਦੀ ਹੈ। ਇਸ ਅੰਦਰ ਪਏ ਰਾਜਨੀਤਕ ਅਵਚੇਤਨ ਨੂੰ ਵੀ ਕਈ ਨੁਕਤਿਆਂ ਤੋਂ ਵਿਚਾਰਿਆ ਜਾ ਸਕਦਾ ਹੈ। ਇਸ ਤੋਂ ਅੱਗੇ ਜਾਕੇ ਸਾਹਿਤਕ ਪਾਠ ਵਿਚਲੇ ਵਿਅਕਤੀਗਤ ਅਮਲ ਸਮਾਜਕ ਤੱਥਾਂ ਦੇ ਰੂਪ ਵਿਚ ਉਭਰਦੇ ਹਨ ਅਤੇ ਅਧਿਐਨ ਦੀਆਂ ਸ਼੍ਰੇਣੀਆਂ ਸਮਾਜਕ ਵਰਗਾਂ ਨਾਲ ਜੁੜ ਜਾਂਦੀਆਂ ਹਨ। ਇਸ ਤਰ੍ਹਾਂ ਸਾਹਿਤਕ ਪਾਠ ਸ਼੍ਰੇਣੀ ਪ੍ਰਵਚਨ ਦਾ ਹਿੱਸਾ ਬਣ ਜਾਂਦਾ ਹੈ। ਇਸਦੇ ਨਾਲ ਇਹ ਪ੍ਰਵਚਨ ਸ਼੍ਰੇਣੀ ਸੰਘਰਸ਼ ਨਜ਼ਰ ਆਉਣ ਲਗਦਾ ਹੈ। ਪਰ ਸ਼੍ਰੇਣੀ ਸੰਘਰਸ਼ ਦਾ ਸੰਵਾਦ ਦੋ ਵਿਰੋਧੀ ਪ੍ਰਵਚਨਾਂ ਵਿਚਕਾਰ ਇਕ ਆਮ ਸਹਿਮਤੀ ਵੀ ਬਣਾ ਲੈਂਦਾ ਹੈ। ਇਕ ਪਾਠ ਵਿਚ ਕਾਰਜਸ਼ੀਲ ਸਭਿਆਚਾਰ ਦਾ ਵਿਚਾਰਧਾਰਾਈ ਭਾਰੂ ਪੱਖ ਅਧਿਐਨ ਰਾਹੀਂ ਸਭਿਆਚਾਰ ਦੇ ਤੱਤਾਂ ਦੇ ਰੂਪ ਵਿਚ ਪਰਿਭਾਸ਼ਿਤ ਹੁੰਦਾ ਹੈ। ਇਸ ਤਰ੍ਹਾਂ ਸਾਹਿਤਕ ਟੈਕਸਟ ਕਿਸੇ ਸਮਾਜਕ ਪੱਖ ਦਾ ਰਾਜਨੀਤਕ ਵਿਚਾਰਧਾਰਕ ਪ੍ਰਗਟਾਵਾ ਵੀ ਬਣ ਜਾਂਦਾ ਹੈ। ਜੇਮਸਨ ਰਾਜਨੀਤਕ ਅਵਚੇਤਨ ਅਧਿਐਨ ਦੇ ਸਿੱਟਿਆਂ ਰਾਹੀਂ ਕੋਈ ਮੁਕਤੀ ਪ੍ਰਦਾਨ ਕਰਨ ਵਾਲੀ ਦ੍ਰਿਸ਼ਟੀ ਹਾਸਲ ਕਰਨ ਦੀ ਗੱਲ ਨਹੀਂ ਕਰਦਾ ਸਗੋਂ ਮਾਨਵ ਇਤਿਹਾਸ ਨੂੰ ਇਨ੍ਹਾਂ ਲੀਹਾਂ ਉਤੇ ਸਮਝਣ ਲਈ ਲਾਜ਼ਮੀ ਇਤਿਹਾਸਕਤਾ ਦੀਆਂ ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ।

ਨਾਟਕ ਵਰਗੀ ਮਿਸ਼ਰਤ ਵਿਧਾ ਵਿਚ ਦੂਜੇ ਸਾਹਿਤਕ ਰੂਪਾਕਾਰਾਂ ਨਾਲੋਂ ਬਹੁਤ ਘੱਟ ਸਾਹਿਤਕਾਰਾਂ ਨੇ ਹੱਥ-ਅਜ਼ਮਾਇਆ ਹੈ। ਆਧੁਨਿਕ ਪੰਜਾਬੀ ਨਾਟਕ ਨੂੰ ਹੋਂਦ ਵਿਚ ਆਇਆਂ ਕਰੀਬ ਇਕ ਸਦੀ ਦਾ ਸਮਾਂ ਬੀਤ ਚੁੱਕਾ ਹੈ ਤੇ ਇਸਨੇ ਇਸ ਸਮੇਂ ਦੌਰਾਨ ਨਿਰੰਤਰ ਵਿਕਾਸ ਦਾ ਰਾਹ ਤੈਅ ਕੀਤਾ ਹੈ। ਵਿਸ਼ੇ-ਵਸਤੂ ਪੱਖੋਂ ਪੰਜਾਬੀ ਨਾਟਕ ਨੇ ਵਧੇਰੇ ਵਿਕਾਸ ਕੀਤਾ ਹੈ ਬੇਸ਼ਕ ਪੇਸ਼ਕਾਰੀ ਦੇ ਲਿਹਾਜ ਨਾਲੋਂ ਇਸ ਖੇਤਰ ਵਿਚ ਵਧੇਰੇ ਗੁੰਜਾਇਸ਼ ਵੀ ਸੀ। ਗਿਆਨ-ਚਿੰਤਨ ਦੇ ਖੇਤਰ ਵਿਚ ਚਲ ਰਹੀਆਂ ਤਬਦੀਲੀਆਂ ਦਾ ਅਸਰ ਸਾਹਿਤ ਵਿਚ ਵੀ ਨਾਲੋ ਨਾਲ ਦੇਖਣ ਨੂੰ ਮਿਲਦਾ ਰਿਹਾ ਹੈ। ਪੰਜਾਬੀ ਨਾਟਕ ਨੇ ਵੀ ਪਿਛਲੇ ਦੋ ਕੁ ਦਹਾਕਿਆਂ ਵਿਚ ਸਮਾਜਕ-ਸਭਿਆਚਾਰਕ ਚੌਗਿਰਦੇ ਨੂੰ ਵੱਖਰੇ ਨਜ਼ਰੀਏ ਤੋਂ ਗ੍ਰਹਿਣ ਕਰਨ ਅਤੇ ਪੇਸ਼ ਕਰਨ ਦਾ ਜਤਨ ਕੀਤਾ ਹੈ। ਪਹਿਲਾਂ ਪਹਿਲ ਪੰਜਾਬੀ ਨਾਟਕ ਦਾ ਸਰੋਕਾਰ ਪੰਜਾਬ ਦੀਆਂ ਸਮਾਜਕ ਕੁਰੀਤੀਆਂ ਜਿਵੇਂ ਬਾਲ-ਵਿਵਾਹ, ਵਿਧਵਾ-ਵਿਆਹ, ਨਸ਼ਾਖੋਰੀ, ਭ੍ਰਿਸ਼ਟਾਚਾਰ ਆਦਿ ਨਾਲ ਤਾਂ ਰਿਹਾ ਹੀ ਹੈ ਸਗੋਂ ਨਾਟਕ ਦੇ ਵਿਕਾਸ ਨਾਲ ਇਸਨੇ ਮਾਨਵੀ ਰਿਸ਼ਤਿਆਂ ਦੀਆਂ ਗਹਿਰਾਈਆਂ ਵਿਚ ਝਾਕਣ ਦਾ ਜਤਨ ਵੀ ਕੀਤਾ ਹੈ। ਇਸ ਤਰ੍ਹਾਂ ਪੰਜਾਬੀ ਨਾਟਕ ਸਿਰਜਣਾ ਅਤੇ ਆਲੋਚਨਾ ਦਾ ਖੇਤਰ ਵੀ ਸਮਾਜਕ ਸਮੱਸਿਆ ਦੀ

ਨਿਰੋਲ ਪੇਸ਼ਕਾਰੀ ਤੋਂ ਵਿਕਸਤ ਹੋਕੇ ਮਨੋਵਿਗਿਆਨਕ ਵਿਸ਼ਲੇਸ਼ਣ ਵਾਲੀਆਂ ਵਿਧੀਆਂ ਦੀ ਆਮਦ ਨਾਲ ਵਧੇਰੇ ਪਰਪੱਕ ਹੋਇਆ ਹੈ।

ਸਮੁੱਚੇ ਪੰਜਾਬੀ ਸਾਹਿਤ ਵਿਚ ਪ੍ਰਚਲਿੱਤ ਪ੍ਰਗਤੀਵਾਦੀ ਚਿੰਤਨ ਦਾ ਪ੍ਰਭਾਵ ਨਾਟਕ ਉਪਰ ਵੀ ਰਿਹਾ ਹੈ। ਇਸਦਾ ਇਕ ਕਾਰਣ ਨਾਟਕ ਦਾ ਰੰਗਮੰਚ ਨਾਲ ਜੁੜੇ ਹੋਣਾ ਵੀ ਹੈ, ਨਾਟਕ ਨੇ ਦਰਸ਼ਕਾਂ ਦੀ ਚੇਤਨਾ ਨੂੰ ਲਾਜ਼ਮੀ ਤੌਰ 'ਤੇ ਹਲੂਣਾ ਦੇਣਾ ਹੁੰਦਾ ਹੈ ਭਾਵੇਂ ਕਿ ਇਹ ਕਾਰਜ ਨਾਟਕ ਦੀਆਂ ਖਪਤਕਾਰੀ ਲੋੜਾਂ ਪੂਰੀਆਂ ਕਰਨ ਲਈ ਹੋਵੇ ਤੇ ਜਾਂ ਫਿਰ ਇਸਦੇ ਵਿਚਾਰਧਾਰਾਈ ਸਰੋਕਾਰਾਂ ਨੂੰ ਲੋਕਾਂ ਤਕ ਪੁਚਾਉਣਾ ਹੋਵੇ। ਵਿਚਾਰਧਾਰਾਈ ਸਰੋਕਾਰਾਂ ਨੂੰ ਦਰਸ਼ਕਾਂ ਤਕ ਵਧੇਰੇ ਕਾਰਗਰ ਢੰਗ ਨਾਲ ਸੰਚਾਰਤ ਕਰਨ ਲਈ ਨਾਟਕਕਾਰ ਨਿੱਤ ਨਵੀਆਂ ਰੰਗਮੰਚੀ ਜੁਗਤਾਂ ਦੀ ਅਜ਼ਮਾਇਸ਼ ਕਰਦੇ ਰਹਿੰਦੇ ਹਨ। ਇਸ ਪਖੋਂ ਵੀ ਪੰਜਾਬੀ ਦਾ ਸਮਕਾਲੀ ਨਾਟਕ ਸਫਲ ਰਿਹਾ ਹੈ। ਇਸ ਸੰਦਰਭ ਵਿਚ ਨਾਟਕਕਾਰਾਂ ਡਾ. ਆਤਮਜੀਤ ਅਤੇ ਪਾਲੀ ਭੂਪਿੰਦਰ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾ ਸਕਦਾ ਹੈ। ਪਿਛਲੇ ਦੋ ਕੁ ਦਹਾਕਿਆਂ ਵਿਚ ਨਾਟਕ ਦੇ ਵਿਸ਼ੇਗਤ ਸਰੋਕਾਰਾਂ ਵਿਚ ਵੀ ਬਹੁਤ ਤਬਦੀਲੀਆਂ ਵੇਖਣ ਵਿਚ ਆਈਆਂ ਨੇ। ਪ੍ਰਗਤੀਵਾਦੀ ਦੌਰ ਕਾਫੀ ਲੰਮਾ ਸਮਾਂ ਪੰਜਾਬੀ ਨਾਟਕ 'ਤੇ ਅਸਰਅੰਦਾਜ਼ ਰਿਹਾ ਹੈ ਪਰ ਇਸਦੇ ਨਾਲ ਨਾਲ ਕੁਝ ਹੋਰ ਪ੍ਰਵਿਰਤੀਆਂ ਵੀ ਪੰਜਾਬੀ ਨਾਟ-ਸਿਰਜਣਾ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਜਿਥੇ ਆਤਮਜੀਤ ਅਤੇ ਪਾਲੀ ਭੂਪਿੰਦਰ ਦਾ ਨਾਮ ਸ਼ਹਿਰੀ ਮੱਧਸ਼੍ਰੇਣੀ ਦੇ ਸਰੋਕਾਰਾਂ ਨਾਲ ਵਧੇਰੇ ਰਿਹਾ ਉਥੇ ਅਜਮੇਰ ਔਲਖ ਤੇ ਚਰਨਦਾਸ ਸਿੱਧੂ ਵਰਗੇ ਨਾਟਕਕਾਰ ਆਪਣੀ ਲੋਕਪੱਖੀ ਵਿਚਾਰਧਾਰਾ ਦੀ ਪ੍ਰਤੀਬੱਧਤਾ ਨਾਲ ਨਾਟਕ ਲਿਖਦੇ ਤੇ ਖੇਡਦੇ ਰਹੇ ਹਨ। ਇਨ੍ਹਾਂ ਦੇ ਨਾਟਕਾਂ ਦਾ ਸਰੋਕਾਰ ਬਦਲ ਰਹੇ ਆਲਮੀ ਆਰਥਕ ਨਿਜ਼ਾਮ ਵਿਚ ਪੇਂਡੂ ਸਮਾਜ ਦੀ ਆਰਥਕ, ਸਮਾਜਕ ਤੇ ਸਭਿਆਚਾਰਕ ਜੱਦੋਜਹਿਦ ਨਾਲ ਵਧੇਰੇ ਰਿਹਾ ਹੈ। ਪਰ ਇਨ੍ਹਾਂ ਦੇ ਨਾਟਕਾਂ ਦੀ ਪੇਸ਼ਕਾਰੀ ਮਹਿਜ਼ ਸਮੱਸਿਆਵਾਂ ਦੀ ਪਰੰਪਰਕ ਢੰਗ ਨਾਲ ਪੇਸ਼ਕਾਰੀ ਤਕ ਹੀ ਸੀਮਤ ਨਹੀਂ ਰਹੀ ਹੈ, ਸਗੋਂ ਨਾਟਕਾਂ ਵਿਚ ਇਕ ਵਿਚਾਰਧਾਰਕ ਚੇਤਨ ਪੈਦਾ ਕਰਨ ਦਾ ਮਨੋਰਥ ਦਿਸਦਾ ਹੈ। ਇਸੇ ਤਰ੍ਹਾਂ ਸਵਰਾਜਬੀਰ, ਵਰਿਆਮ ਮਸਤ ਤੇ ਦਵਿੰਦਰ ਦਮਨ ਵਰਗੇ ਕੁਝ ਅਜਿਹੇ ਨਾਟਕਕਾਰ ਵੀ ਨੇ ਜੋ ਪੰਜਾਬੀ ਵਿਚ ਨਵੇਂ ਕਿਸਮ ਦੇ ਨਾਟਕ ਨੂੰ ਸਿਰਜ ਰਹੇ ਨੇ। ਇਨ੍ਹਾਂ ਦੇ ਨਾਟਕਾਂ ਦੀ ਖੂਬੀ ਇਹ ਵੀ ਹੈ ਕਿ ਸਮਾਜਕ ਪ੍ਰਤੀਬੱਧਤਾ ਨੂੰ ਨਿਭਾਉਂਦਿਆਂ ਹੋਇਆਂ ਇਹ ਆਪਣਾ ਰਿਸ਼ਤਾ ਨਵੇਂ ਗਿਆਨ ਚਿੰਤਨ ਨਾਲ ਵਿਕਸਤ ਹੋਈਆਂ ਅੰਤਰ-ਦ੍ਰਿਸ਼ਟੀਆਂ ਨਾਲ ਵੀ ਜੋੜਦੇ ਹਨ।

ਉਪਰੋਕਤ ਕਥਨ ਦੇ ਮੱਦੇਨਜ਼ਰ ਜਦ ਅਸੀਂ ਸਮਕਾਲੀ ਪੰਜਾਬੀ ਨਾਟਕ ਵਿਚਲੇ ਰਾਜਨੀਤਕ ਅਵਚੇਤਨ ਦੇ ਪੱਖ ਦਾ ਅਧਿਐਨ ਕਰਦੇ ਹਾਂ ਤਾਂ ਬਹੁ-ਗਿਣਤੀ ਨਾਟਕ ਇਸ ਚਿੰਤਨ ਦੇ ਘੇਰੇ ਵਿਚ ਸ਼ਾਮਲ ਹੋ ਜਾਂਦੇ ਹਨ। ਪੰਜਾਬੀ

ਸਾਹਿਤ ਦੇ ਪਿਛਲੇ ਦੋ ਦਹਾਕਿਆਂ ਦੇ ਨਾਟਕ ਉਪਰ ਵਿਚਾਰ ਕੀਤੀ ਜਾਵੇ ਤਾਂ ਜਿਹੜੀਆਂ ਪ੍ਰਵਿਰਤੀਆਂ ਪੰਜਾਬੀ ਨਾਟਕ ਵਿਚ ਵੇਖਣ ਨੂੰ ਮਿਲ ਰਹੀਆਂ ਨੇ ਉਹ ਭਾਰਤੀ ਸਮਾਜ-ਸਭਿਆਚਾਰ ਦੀ ਬੁਨਿਆਦ ਵਿਚ ਪਏ ਇਤਿਹਾਸ-ਮਿਥਿਹਾਸ ਦੇ ਅਣਛੁਹੇ ਮਸਲਿਆਂ ਨੂੰ ਉਠਾਉਣ ਵਾਲੀਆਂ ਹਨ। ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਲਹਿਰ ਤੋਂ ਬਾਅਦ ਜਿਨ੍ਹਾਂ ਮਸਲਿਆਂ ਨੇ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ ਉਹਨਾਂ ਵਿਚ ਦਲਿਤ ਚਿੰਤਨ, ਨਾਰੀ ਚਿੰਤਨ ਅਤੇ ਪ੍ਰਵਾਸੀ ਮਸਲੇ ਵਧੇਰੇ ਚਰਚਾਯੋਗ ਹਨ। ਪੰਜਾਬੀ ਸਾਹਿਤ ਦੇ ਹਰ ਰੂਪਾਕਾਰ ਵਿਚ ਇਨ੍ਹਾਂ ਸਰੋਕਾਰਾਂ ਨੂੰ ਹੀ ਪ੍ਰਮੁੱਖਤਾ ਹਾਸਲ ਹੈ। ਸਮਕਾਲੀ ਪੰਜਾਬੀ ਨਾਟਕਕਾਰਾਂ ਵਿਚੋਂ ਜਿਹੜੇ ਨਾਟਕਕਾਰ ਨਵੇਂ ਉਭਰੇ ਨੇ ਜਾਂ ਪਿਛਲੇ ਕੁਝ ਸਮੇਂ ਤੋਂ ਨਿਰੰਤਰ ਨਾਟ-ਸਿਰਜਣਾ ਕਰਦੇ ਹੋਏ ਵੀ ਸਮਕਾਲੀ ਨਾਟਕ ਦੇ ਮੁਹਾਂਦਰੇ ਨੂੰ ਨਵਾਂਪਣ ਦੇ ਰਹੇ ਹਨ ਉਨ੍ਹਾਂ ਨਾਟਕਕਾਰਾਂ ਨੇ ਨਾਂ ਸਿਰਫ ਪੇਸ਼ਕਾਰੀ ਪੱਖੋਂ ਨਵੇਂ ਪ੍ਰਯੋਗ ਕੀਤੇ ਹਨ ਸਗੋਂ ਨਾਲ ਹੀ ਜਟਿੱਲ ਮਾਨਵਵਾਦੀ ਸਰੋਕਾਰਾਂ ਵਾਲੇ ਮਸਲਿਆਂ ਨੂੰ ਨਵੀਂ ਗਿਆਨਸ਼ਾਸਤ੍ਰੀ ਚੇਤਨਾ ਨਾਲ ਪੇਸ਼ ਕਰਨ ਦਾ ਉਪਰਾਲਾ ਵੀ ਕੀਤਾ ਹੈ। ਇਹ ਮਸਲੇ ਭਾਵੇਂ ਸਮਾਜਕ-ਧਾਰਮਿਕ ਵਿਸ਼ਵਾਸਾਂ ਨਾਲ ਸੰਬੰਧਤ ਹੋਣ ਜਾਂ ਫਿਰ ਕਿਰਸਾਨੀ, ਸ਼ਹਿਰੀ ਮੱਧਵਰਗ ਅਤੇ ਵਰਤਮਾਨ ਸਿਆਸਤ ਆਦਿ ਨਾਲ ਸੰਬੰਧਤ ਹੋਣ। ਸਮਕਾਲ ਵਿਚ ਹਰ ਤਰ੍ਹਾਂ ਦੇ ਮਸਲੇ ਨੂੰ ਨਵੀਆਂ ਚੇਤਨਾ ਦ੍ਰਿਸ਼ਟੀਆਂ ਨਾਲ ਸਮਝਕੇ ਪੇਸ਼ ਕੀਤਾ ਜਾ ਰਿਹਾ ਹੈ।

ਸਵਰਾਜਬੀਰ ਰਚਿਤ ਨਾਟਕ 'ਕ੍ਰਿਸ਼ਨ' ਇਸ ਸੰਦਰਭ ਵਿਚ ਵਧੇਰੇ ਧਿਆਨ ਖਿੱਚਦਾ ਹੈ ਕਿਉਂਕਿ ਜਿਹੜੀਆਂ ਨਵੀਆਂ ਚਿੰਤਨ-ਦ੍ਰਿਸ਼ਟੀਆਂ ਸਾਡੇ ਸਾਹਮਣੇ ਆਈਆਂ ਨੇ ਉਨ੍ਹਾਂ ਨੂੰ ਆਤਮਸਾਤ ਕਰਕੇ ਇਹ ਨਾਟਕ ਇਕ ਸਮਾਜਕ-ਰਾਜਨੀਤਕ ਏਜੰਡਾ ਪ੍ਰਸਤੁਤ ਕਰਦਾ ਹੈ। ਇਹ ਨਾਟਕ ਭਾਰਤ ਦੇ ਪੁਰਾਤਨ *ਮਿਥਿਹਾਸ ਦਾ ਵਿਸਥਾਪਨ* ਕਰਕੇ ਉਸ ਅੰਦਰ ਦੱਬੇ ਪਏ *ਦਮਿਤ ਇਤਿਹਾਸ* ਦੀ ਤਲਾਸ਼ ਕਰਦਾ ਹੈ। ਇਸ ਵਿਸ਼ੇ ਦੇ ਨਿਭਾ ਲਈ ਦਲਿਤ ਚੇਤਨਾ ਦੇ ਨਿਰਮਾਣ ਦਾ ਅਜੋਕਾ ਰਾਜਨੀਤਕ ਦੌਰ ਸਾਹਿਤਕਾਰੀ ਲਈ ਅਸਰਦਾਰ ਸਰੋਕਾਰਾਂ ਨੂੰ ਉਭਾਰਦਾ ਹੈ। ਪੱਛਮੀ ਗਿਆਨ ਚਿੰਤਨ ਦੇ ਵਿਕਾਸ ਨੇ ਮਾਨਵ ਅਤੇ ਸਮਾਜ ਨੂੰ ਨਵੇਂ ਢੰਗ ਨਾਲ ਸਮਝਣ ਲਈ ਪ੍ਰੇਰਿਤ ਕੀਤਾ ਹੈ। ਆਧੁਨਿਕਤਾਵਾਦ ਉਪਰੰਤ ਪੈਦਾ ਹੋਈਆਂ ਨਵੀਆਂ ਸਥਿਤੀਆਂ ਨੇ ਜਿਸ ਬਹੁਵਾਦ ਦੀ ਚੇਤਨਾ ਪੈਦਾ ਕੀਤੀ ਉਸ ਨਾਲ ਇਤਿਹਾਸਕਾਰੀ ਦੀ ਪਰੰਪਰਕ ਪ੍ਰਕਿਰਿਆ ਵੀ ਪੁਨਰ-ਅਧਿਐਨ ਹੇਠ ਆ ਗਈ। ਜਿਨ੍ਹਾਂ ਤਤਕਾਲੀ ਸੱਤਾ-ਪ੍ਰਵਚਨਾਂ ਦੇ ਅਸਰ ਹੇਠ ਇਕ-ਸੁਰ ਵਾਲੇ ਇਤਿਹਾਸ ਨੇ ਬਹੁਤ ਸਾਰੀਆਂ ਆਵਾਜ਼ਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਸੀ, ਉਨ੍ਹਾਂ ਦਮਿਤ ਸੁਰਾਂ ਨੂੰ ਲੱਭਣ ਅਤੇ ਪਛਾਨਣ ਲਈ ਨਵ-ਇਤਿਹਾਸਵਾਦੀ ਚੇਤਨਾ ਨੇ ਵੱਡਾ ਯੋਗਦਾਨ ਪਾਇਆ ਹੈ। ਸਮਾਜ

ਭਾਵੇਂ ਅਨੇਕਾਂ ਵੱਖਰੇ ਸਮੂਹਾਂ ਵਿਚ ਵੰਡਿਆ ਹੋਇਆ ਹੈ ਪਰ ਹਰ ਸਮੂਹ ਦਾ ਆਪਣਾ ਇਕ ਰਾਜਨੀਤਕ ਅਵਚੇਤਨ ਨਿਵੇਕਲੀ ਸਮੂਹਕ ਪਛਾਣ ਨੂੰ ਹਾਸਲ ਕਰਨ ਲਈ ਯਤਨਸ਼ੀਲ ਰਹਿੰਦਾ ਹੈ।

ਸਵਰਾਜਬੀਰ ਆਪਣੇ ਇਸ ਨਾਟਕ ਵਿਚ ਇਤਿਹਾਸ-ਮਿਥਿਹਾਸ ਦੇ ਦਵੰਦ ਵਿਚ ਦੱਬੇ ਪਏ ਇਤਿਹਾਸ ਦੀਆਂ ਉਨ੍ਹਾਂ ਪੁਰਾਣਕ ਪਰਤਾਂ ਨੂੰ ਖੋਲਣ ਦਾ ਜਤਨ ਕਰਦਾ ਹੈ ਜਿਸਦਾ ਵਾਸਤਾ ਭਾਰਤੀ ਉਪਮਹਾਦੀਪ ਦੇ ਸਮਾਜਕ-ਸਭਿਆਚਾਰਕ ਤਾਣੇ-ਬਾਣੇ ਨਾਲ ਹੈ। ਪਹਿਲੀ ਨਜ਼ਰੇ ਇਹ ਨਾਟਕ ਨਿਵੇਕਲੇ ਵਿਚਾਰਧਾਰਕ ਟਕਰਾਓ ਅਤੇ ਤਨਾਓ ਨੂੰ ਪੇਸ਼ ਕਰਦਾ ਹੈ। ਇਹ ਨਾਟਕ ਇਕ ਪਾਸੇ ਭਾਰਤੀ ਲੋਕ ਮਨ ਵਿਚ ਵਸੇ ਹੋਏ ਕ੍ਰਿਸ਼ਨ ਦੇ ਮਿਥਿਹਾਸਕ ਬਿੰਬ ਨੂੰ ਵਿਸਥਾਪਿਤ ਕਰਨ ਦਾ ਜਤਨ ਕਰਦਾ ਹੈ ਅਤੇ ਦੂਜੇ ਪਾਸੇ 'ਆਰੀਆ ਮੂਲ ਦੇ ਲੋਕਾਂ' ਹੱਥੋਂ ਗ਼ੈਰ-ਆਰੀਆਈ ਕਬੀਲਿਆਂ ਉੱਤੇ ਹੋਏ ਅਤਿਆਚਾਰਾਂ ਦੇ ਦਮਿਤ ਇਤਿਹਾਸ ਨੂੰ ਫਰੋਲਦਾ ਹੈ। ਨਾਟਕ ਲਿਖਣ ਤੋਂ ਪਹਿਲਾਂ ਉਸਨੇ ਬਹੁਤ ਨਿੱਠਕੇ ਇਸ ਵਿਸ਼ੇ ਨਾਲ ਸੰਬੰਧਤ ਹਰ ਪਹਿਲੂ ਨੂੰ ਪ੍ਰਾਪਤ ਜਾਣਕਾਰੀ ਮੁਤਾਬਕ ਬਹੁਤ ਬਾਰੀਕੀ ਨਾਲ ਘੋਖਿਆ ਅਤੇ ਕੁਝ ਨਵੇਂ ਸਿੱਟੇ ਹਾਸਲ ਕੀਤੇ। ਨਾਟਕ ਦੇ ਅਰੰਭ ਵਿਚ 'ਕ੍ਰਿਸ਼ਨ' ਨਾਲ ਸੰਬੰਧਤ ਵਿਸਤ੍ਰਿਤ ਵੇਰਵੇ ਦਿੱਤੇ ਗਏ ਹਨ ਜਿਨ੍ਹਾਂ ਦਾ ਮਨੋਰਥ 'ਪਾਠਕਾਂ' ਦੇ ਮਨ ਵਿਚ ਆਪਣੇ ਨਾਟਕ ਦੇ ਪਾਤਰ ਬਾਰੇ ਇਕ ਸਪਸ਼ਟ ਚਰਿੱਤਰ ਥਾਪਣਾ ਹੈ। ਅਤੇ ਨਾਲ ਹੀ ਇਸ ਵਿਸ਼ੇ ਉੱਪਰ ਨਾਟਕ ਲਿਖਣ ਬਾਬਤ ਆਪਣੀ ਮੰਸ਼ਾ ਨੂੰ ਪ੍ਰਗਟ ਕਰਨਾ ਵੀ ਹੈ:

> *ਕ੍ਰਿਸ਼ਨ ਅਤੇ ਅਰਜਨ ਮਹਾਨ ਯੋਧੇ ਸਨ। ਕਸ਼ੱਤਰੀ ਸਨ। ਔਰਤਾਂ, ਬੱਚਿਆਂ ਅਤੇ ਲਾਚਾਰਾਂ ਉੱਤੇ ਹੱਥ ਉਠਾਉਣਾ, ਹਮਲਾ ਕਰਨਾ, ਕਸ਼ਤਰੀਆਂ ਲਈ ਵਰਜਿਤ ਸੀ। ਪਰ ਖਾਂਡਵ-ਵਣ ਨੂੰ ਅੱਗ ਲਾਉਂਦਿਆਂ ਇਹ ਨੇਮ ਕਿਉਂ ਤੋੜਿਆ ਗਿਆ ? ਆਖਿਰ ਏਨਾ ਜ਼ੁਲਮ ਕਿਉਂ? ਇਹ ਕਿਹੋ ਜਿਹਾ ਕਰਮ ਸੀ ਜਿਸ ਨੂੰ ਛੁਪਾਉਣ ਲਈ ਮਿਥਿਹਾਸਕ ਮੁਲੰਮੇ (ਕਿ ਇਹ ਵਣ ਅਗਨੀ ਦੇਵਤਾ ਨੂੰ ਖੁਸ਼ ਕਰਨ ਲਈ ਜਲਾਇਆ ਗਿਆ ਅਤੇ ਇਸ ਦੇ ਵਾਸੀਆਂ ਨੂੰ ਇਸ ਕਾਰਨ ਮਾਰਿਆ ਗਿਆ ਕਿ ਉਹ ਉਨ੍ਹਾਂ ਦੇ ਮੰਦੇ ਕੰਮਾਂ ਕਰਕੇ ਅਗਨੀ ਦੇਵਤਾ ਨੂੰ ਬਦਹਜ਼ਮੀ ਹੋ ਗਈ ਸੀ) ਦਾ ਸਹਾਰਾ ਲੈਣਾ ਪਿਆ? ਇਹ ਕਿਹੋ ਜਿਹੀ ਗੁੱਥੀ ਹੈ ? ...... ਸ਼ਾਇਦ ਇਹੋ ਗੁੱਥੀ ਭਿਆਨਕ ਸੱਚਾਈ ਦੀ ਗੁੱਥੀ ਹੈ! ਇਸ ਗੁੱਥੀ ਦੇ ਗਰਭ ਵਿਚ ਇਤਿਹਾਸਕ ਸਵਾਲ ਅਤੇ ਇਤਿਹਾਸਕ ਜਵਾਬ ਪਏ ਹਨ। ਇਸ ਗੁੱਥੀ ਦੇ ਗਰਭ ਵਿਚੋਂ ਹੀ ਮੇਰਾ ਨਾਟਕ ਜਨਮ ਲੈਂਦਾ ਹੈ। ਇਹ ਆਰੀਆ ਮੂਲ ਦੇ ਲੋਕਾਂ ਦੇ ਵੱਡ-ਵਡੇਰਿਆਂ ਦੁਆਰਾ ਵਣ-ਵਾਸੀਆਂ ਅਤੇ ਦੱਬੇ ਕੁਚਲੇ ਲੋਕਾਂ ਉੱਤੇ ਹੋਏ ਅਤਿਆਚਾਰਾਂ ਦੀ ਕਹਾਣੀ ਹੈ।*[1]

ਇਉਂ, ਸਵਰਾਜਬੀਰ ਸਪਸ਼ਟ ਤੌਰ 'ਤੇ ਮਿਥਿਹਾਸ ਵਿਚੋਂ ਦਮਨ ਦੇ ਉਸ ਇਤਿਹਾਸ ਨੂੰ ਫਰੋਲਣ ਦਾ ਜਤਨ ਕਰਦਾ ਹੈ ਜੋ ਸਿਰਜਿਤ ਇਤਿਹਾਸ ਅਤੇ ਮਿਥਿਹਾਸ ਅੰਦਰ ਦੱਬਿਆ ਪਿਆ ਹੈ। ਦੱਬੇ ਹੋਏ ਇਸ ਇਤਿਹਾਸ ਦੀ

---

[1] ਸਵਰਾਜਬੀਰ, ਬ੍ਰਿੰਦਾਬਨ ਮਹਿ ਰੰਗੁ ਕੀਆ, ਕ੍ਰਿਸ਼ਨ, ਪੰਨਾ-12

ਤਲਾਸ਼ ਲਈ ਉਹ 'ਜਰਾ' ਨਾਂ ਦੇ ਇਕ ਵਣ-ਵਾਸੀ ਨੂੰ ਨਾਟਕ ਦਾ ਇਕ ਪ੍ਰਧਾਨ ਪਾਤਰ ਬਣਾਉਂਦਾ ਹੈ। ਨਾਟਕ ਦਾ ਕਾਰਜ ਜ਼ਿਆਦਾਤਰ ਕ੍ਰਿਸ਼ਨ ਦੇ ਸਿਆਸੀ ਜੀਵਨ ਨਾਲ ਸੰਬੰਧਤ ਹੈ। ਉਹ ਕ੍ਰਿਸ਼ਨ ਦੇ ਅਜੋਕੇ ਸਮੇਂ ਵਿਚ ਪ੍ਰਵਾਨਤ ਰੂਪ ਉੱਪਰ ਕਿੰਤੂ ਨਹੀਂ ਕਰਦਾ ਸਗੋਂ ਉਸ ਰੂਪ ਨੂੰ ਆਪਣੇ ਨਾਟਕ ਦੀ ਪਿੱਠਭੂਮੀਂ ਵਿਚ ਰਖਦਾ ਹੈ ਜਦੋਂ ਕ੍ਰਿਸ਼ਨ ਦੇ ਕਿਰਦਾਰ ਦਾ ਨਿਰਮਾਣ ਹੋ ਰਿਹਾ ਸੀ ਤੇ ਪਰਿਵਰਤਨ ਵੀ ਵਾਪਰਨਾ ਸ਼ੁਰੂ ਹੋ ਗਿਆ ਸੀ। ਇਹ ਕ੍ਰਿਸ਼ਨ ਇਕ ਮਹਾਂ-ਨਾਇਕ ਬਣਨ ਤੋਂ ਪਹਿਲਾਂ ਇਕ ਯੋਧਾ ਅਤੇ ਨੀਤੀਵਾਨ ਸੀ। ਉਸ ਨੇ ਆਪਣੀ ਸਿਆਸੀ ਸੂਝ ਅਤੇ ਸ਼ਕਤੀ ਦੀ ਵਰਤੋਂ ਨਾਲ ਆਪਣੇ ਸਮੇਂ ਵਿਚ ਕਾਫੀ ਰਸੂਖ ਹਾਸਲ ਕਰ ਲਿਆ ਸੀ। ਇਥੋਂ ਤਕ ਕਿ ਕ੍ਰਿਸ਼ਨ ਦੇ ਕਹੇ ਹੋਏ ਬੋਲ ਸਮਾਜ ਦੇ ਨੇਮ ਸਮਝੇ ਜਾਣ ਲਗ ਪਏ ਸਨ। ਧਰਮ ਦੀ ਬੁਨਿਆਦ ਅਤੇ ਸਰਪਰਸਤੀ ਹੇਠ ਕਾਇਮ ਸਮਾਜਕ ਵਿਵਸਥਾ ਨੇ ਕ੍ਰਿਸ਼ਨ ਦੇ ਕਿਰਦਾਰ ਨੂੰ ਮਜ਼ਬੂਤ ਵੀ ਕੀਤਾ ਤੇ ਇਸਨੂੰ ਅਹਿਮੀਅਤ ਦੇਕੇ ਮਹਾਂ-ਨਾਇਕ ਦਾ ਦਰਜਾ ਦੇ ਦਿਤਾ। ਨਾਟਕਕਾਰ ਇਸ ਪ੍ਰਕਿਰਿਆ ਦੌਰਾਨ ਕ੍ਰਿਸ਼ਨ ਦੇ ਯੁੱਗ ਵਿਚ ਵਾਪਰੀਆਂ ਘਟਨਾਵਾਂ ਨੂੰ ਵੱਖਰੇ ਨਜ਼ਰੀਏ ਤੋਂ ਬਿਆਨ ਕਰਨ ਦਾ ਸਾਹਸ ਕਰਦਾ ਹੈ। ਘਟਨਾਵਾਂ ਵੀ ਉਹ ਜਿਨ੍ਹਾਂ ਵਿਚ ਕ੍ਰਿਸ਼ਨ ਸ਼ਾਮਲ ਰਿਹਾ ਤੇ ਜਿਸ ਲਈ ਉਹ ਜਿੰਮੇਵਾਰ ਵੀ ਸੀ। ਹਾਲੇ ਤਕ ਉਨ੍ਹਾਂ ਘਟਨਾਵਾਂ ਨੂੰ ਕ੍ਰਿਸ਼ਨ ਦੇ ਮਹਾਂ-ਨਾਇਕ ਬਣਨ ਦੇ ਅਮਲ ਵਜੋਂ ਦੇਖਿਆ ਜਾਂਦਾ ਰਿਹਾ ਹੈ ਪਰ ਦਮਿਤ ਇਤਿਹਾਸ ਦੇ ਸਰੋਤਾਂ ਦੀ ਤਲਾਸ਼ ਕਰਦਿਆਂ ਇਨ੍ਹਾਂ ਘਟਨਾਵਾਂ ਦੀ ਪਰਿਭਾਸ਼ਾ ਹੀ ਬਦਲ ਜਾਂਦੀ ਹੈ।

ਦਮਿਤ ਚੇਤਨਾ ਦੀ ਦ੍ਰਿਸ਼ਟੀ ਤੋਂ ਮਿਥਿਹਾਸ ਦੀ ਪੁਰਨ-ਵਿਆਖਿਆ ਕਰਨ ਲਈ ਨਾਟਕਕਾਰ ਕ੍ਰਿਸ਼ਨ ਦੀ ਜਰਾ ਹੱਥੋਂ ਹੋਈ ਮ੍ਰਿਤੂ ਦੀ ਮਿਥਿਹਾਸਕ ਘਟਨਾ ਨੂੰ ਆਪਣੇ ਨਾਟਕੀ ਕਾਰਜ ਦਾ ਹਿੱਸਾ ਬਣਾਉਂਦਾ ਹੈ। ਜਰਾ ਦੀ ਜ਼ੁਬਾਨੀ ਆਰੀਆ-ਦਰਾਵੜ ਦੇ ਟਕਰਾਓ ਨੂੰ ਬਿਆਨ ਕਰਦਿਆਂ ਨਾਟਕਕਾਰ ਪੀੜਤ ਲੋਕਾਂ ਅੰਦਰ ਰੋਹ ਅਤੇ ਬਦਲੇ ਦੀ ਅੱਗ ਨੂੰ ਪੇਸ਼ ਕਰਦਾ ਹੈ। ਦਵਾਰਕਾ ਨਗਰੀ ਦਾ ਜ਼ਿਕਰ ਧਰਮ ਦੇ ਰਾਜ ਵਜੋਂ ਹੁੰਦਾ ਰਿਹਾ ਹੈ। ਮਿਥਿਹਾਸ ਵਿਚ ਮਿਲਦੇ ਸੰਕੇਤਾਂ ਦੇ ਆਧਾਰ ਤੇ ਇਸ ਦੇ ਪਤਨ ਦੀ ਜ਼ਿੰਮੇਵਾਰੀ ਕੁਦਰਤੀ ਤੌਰ ਤੇ ਰਾਜ ਪ੍ਰਬੰਧਕਾਂ ਉੱਪਰ ਹੀ ਆਇਦ ਹੁੰਦੀ ਹੈ। ਇਥੇ ਨਾਟਕਕਾਰ ਦਵਾਰਕਾ ਨਗਰੀ ਦੇ ਸੰਦਰਭ ਵਿਚ 'ਧਰਮ ਦੇ ਰਾਜ' ਉੱਪਰ ਸਵਾਲੀਆ ਨਿਸ਼ਾਨ ਲਗਾ ਦਿੰਦਾ ਹੈ। ਅਰਥਾਤ ਕ੍ਰਿਸ਼ਨ ਰਾਜ ਪ੍ਰਬੰਧ ਨੂੰ ਕੁਸ਼ਲਤਾ ਨਾਲ ਸੰਭਾਲ ਨਹੀਂ ਪਾਇਆ। ਕ੍ਰਿਸ਼ਨ ਅਤੇ ਜਰਾ ਦੇ ਅੰਤਿਮ ਸੰਵਾਦ ਰਾਹੀਂ ਉਹ ਦਮਿਤ ਇਤਿਹਾਸ ਤੇ ਦਮਿਤ ਚੇਤਨਾ ਦੇ ਮਸਲੇ ਨੂੰ ਅੱਗਰਭੂਮੀਂ ਵਿਚ ਲੈ ਆਉਂਦਾ ਹੈ:

**ਕ੍ਰਿਸ਼ਨ:** *ਮੂਰਖ ਭੀਲ! ਇਤਿਹਾਸ ਤੇਰੇ ਸ਼ਬਦਾਂ ਦਾ ਦੀਵਾ ਨਹੀਂ, ਜੋ ਤੇਰੇ ਕਹਿਣ ਤੇ ਜਗੇਗਾ ਤੇ ਤੇਰੇ ਕਹਿਣ ਤੇ ਬੁਝੇਗਾ!...ਇਤਿਹਾਸ ਮੈਂ ਹਾਂ! ਇਤਿਹਾਸ ਦਵਾਰਕਾ ਹੈ! ਜੰਗਲ ਵੀ ਕਦੇ ਇਤਿਹਾਸ ਹੋਇਐ? ਤੇਰੇ ਜੰਗਲ ਦਾ ਸਮਾਂ, ਵਣਵਾਸੀ, ਮੁੱਕ ਚੁੱਕੈ!*

**ਜਰਾ:** *ਹੋ ਸਕਦੈ, ਇਹ ਸਮਾਂ ਸਾਡਾ ਨਾ ਹੋਵੇ! ਸਾਡੇ ਵਣਾਂ ਦਾ ਸਮਾਂ ਨਾ ਹੋਵੇ! ਪਰ ਇਹ ਪਲ....ਇਹ ਪਲ ਮੇਰਾ ਹੈ! ਇਸ ਯੁੱਗ ਵਿਚ ਤੂੰ ਮੇਰੇ ਤੀਰ ਨਾਲ ਮਰ ਰਿਹੈਂ! ਇਹੀ ਇਸ ਪਲ ਦਾ ਸੱਚ ਐ!*[2]

ਨਾਟਕ ਦੇ ਉਪਰੋਕਤ ਅੰਤਮ ਸ਼ਬਦ ਕ੍ਰਿਸ਼ਨ ਅਤੇ ਜਰਾ ਦੇ ਵਿਚਾਰਧਾਰਕ ਵਿਰੋਧਾਂ ਨੂੰ ਸਾਹਮਣੇ ਲਿਆਉਣ ਦਾ ਜਤਨ ਕਰਦੇ ਹਨ। ਜਿਸ ਵਿਚ ਕ੍ਰਿਸ਼ਨ ਦਮਨਕਾਰੀ ਸਮਾਜਕ ਵਿਵਸਥਾ ਦੀ ਧਿਰ ਬਣਦਾ ਜਾਪਦਾ ਹੈ ਤੇ ਜਰਾ ਦਮਿਤ ਧਿਰ ਦਾ ਇਕ ਪ੍ਰਤੀਨਿਧ। ਇਸ ਤਰ੍ਹਾਂ ਅਸੀਂ ਦੇਖਿਆ ਕਿ, ਨਾਟਕਕਾਰ ਦਮਿਤ ਵਰਗ ਦੀ ਅਜੋਕੀ ਹਾਲਤ ਲਈ ਜ਼ਿੰਮੇਵਾਰ ਸ਼ੋਸ਼ਣਕਾਰੀ ਸਮਾਜਕ ਬਣਤਰ ਦੇ ਪਿਛੋਕੜ ਅਤੇ ਪਰੰਪਰਾ ਦੀ ਤਲਾਸ਼ ਕਰਦਿਆਂ ਭਾਰਤੀ ਇਤਿਹਾਸ ਅਤੇ ਮਿਥਿਹਾਸ ਦੇ ਰਾਜਨੀਤਕ ਅਵਚੇਤਨ ਨੂੰ ਫਰੋਲਦਾ ਹੈ।

ਸਮਕਾਲੀ ਪੰਜਾਬੀ ਨਾਟਕ ਵਿਚ ਇਕ ਹੋਰ ਮਹੱਤਵਪੂਰਣ ਨਾਮ ਆਤਮਜੀਤ ਦਾ ਹੈ ਜੋ ਪਿਛਲੇ ਲਮੇਂ ਸਮੇਂ ਤੋਂ ਨਾਟਕ ਅਤੇ ਰੰਗਮੰਚ ਦੀਆਂ ਨਵੀਨਤਮ ਵਿਧਾਵਾਂ ਨੂੰ ਅੰਗਸੰਗ ਲੈਕੇ ਪੰਜਾਬੀ ਨਾਟਕ ਨੂੰ ਪ੍ਰਫੁੱਲਤ ਕਰ ਰਿਹਾ ਹੈ। ਆਤਮਜੀਤ ਨੇ ਸਮਕਾਲੀ ਯਥਾਰਥ, ਲੋਕਧਾਰਾ, ਮਿੱਥ ਅਤੇ ਇਤਿਹਾਸ ਦੇ ਹਵਾਲੇ ਨਾਲ ਅਜੋਕੇ ਪੰਜਾਬੀ ਨਾਟਕ ਦਾ ਨਵਾਂ ਮੁਹਾਂਦਰਾ ਉਲੀਕਣ ਦਾ ਉਪਰਾਲਾ ਕੀਤਾ ਹੈ। ਆਤਮਜੀਤ ਦਾ ਨਾਟਕ 'ਤੱਤੀ ਤਵੀ ਦਾ ਸੱਚ' ਵਿਸ਼ੇ ਅਤੇ ਵਿਸ਼ੇ ਦੀ ਮੰਚੀ ਪੇਸ਼ਕਾਰੀ ਪੱਖੋਂ ਬਹੁਤ ਹੀ ਕਾਮਯਾਬ ਨਾਟਕ ਬਣਕੇ ਸਾਹਮਣੇ ਆਇਆ ਹੈ। ਨਵ-ਇਤਿਹਾਸਵਾਦ ਦੀ ਚਿੰਤਨ-ਦ੍ਰਿਸ਼ਟੀ ਨੇ ਇਤਿਹਾਸ ਨੂੰ ਵੇਖਣ ਦਾ ਜੋ ਇੱਕ ਸ਼ਕਤੀਸ਼ਾਲੀ ਨਜ਼ਰੀਆ ਪ੍ਰਦਾਨ ਕੀਤਾ ਹੈ ਉਸੇ ਦ੍ਰਿਸ਼ਟੀ ਦੇ ਮੱਦੇ-ਨਜ਼ਰ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਅਤੇ ਮਸਲਿਆਂ ਦਾ ਪੁਨਰ-ਨਿਰੀਖਣ ਕਰਕੇ ਉਸਨੂੰ ਸਹੀ ਅਰਥਾਂ ਵਿਚ ਪੇਸ਼ ਕਰਨ ਦੇ ਉਪਰਾਲੇ ਵੀ ਹੋਏ ਹਨ। ਅਜਿਹੇ ਹੀ ਮਸਲੇ ਨੂੰ ਆਤਮਜੀਤ ਨੇ ਆਪਣੇ ਨਾਟਕ 'ਤੱਤੀ ਤਵੀ ਦਾ ਸੱਚ' ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। ਉਹ ਪੰਜਾਬੀ ਵਿਚ ਰਚੇ ਗਏ 'ਸ਼ਤਾਬਦੀ ਨਾਟਕਾਂ' ਦੀ ਪਰੰਪਰਾ ਅਨੁਸਾਰ ਪ੍ਰਯੋਗਸ਼ੀਲ ਢੰਗ ਨਾਲ ਗ਼ੈਰ-ਹਾਜ਼ਰ ਨਾਇਕ ਦੀ ਜੁਗਤ ਨੂੰ ਵਰਤਦਾ ਹੈ ਅਤੇ ਸ਼ਹਾਦਤ ਦੇ ਪਿਛੋਕੜ ਵਿਚ ਕਾਰਜਸ਼ੀਲ ਇਤਿਹਾਸਕ ਅਤੇ ਵਿਚਾਰਧਾਰਾਈ ਮਹੱਤਵ ਵਾਲੀਆਂ ਸਥਿਤੀਆਂ ਦਾ ਪਰਿਪੇਖ ਉਸਾਰਦਾ ਹੈ। ਗੁਰੂ-ਨਾਇਕ ਦੀ ਇਤਿਹਾਸਕ ਸ਼ਖ਼ਸੀਅਤ ਮੰਚ ਤੋਂ ਗ਼ੈਰਹਾਜ਼ਰ ਹੋਕੇ ਵੀ ਸਮੁੱਚੇ ਨਾਟ-ਸੰਸਾਰ ਵਿਚ

---

[2] ਕ੍ਰਿਸ਼ਨ, ਸਤਾਰ੍ਹਵਾਂ ਦ੍ਰਿਸ਼, ਪੰਨਾ-87

ਆਪਣੀ ਜੀਵੰਤ ਹਾਜ਼ਰੀ ਦਾ ਅਹਿਸਾਸ ਜਗਾਉਂਦੀ ਹੈ ਅਤੇ ਇਤਿਹਸ ਦੇ ਸੱਚ ਨੂੰ ਨਵੇਂ ਸਿਰਿਓਂ ਫਰੋਲਣ ਦਾ ਸੱਦਾ ਦਿੰਦੀ ਹੈ। ਇਹੀ ਇਸ ਨਾਟਕ ਦੀ ਇਤਿਹਾਸਕਤਾ ਦਾ ਮੂਲ ਆਧਾਰ ਹੈ। ਇਸ ਨਾਟਕ ਦਾ ਸਰੋਕਾਰ ਸਿੱਖ ਇਤਿਹਾਸ ਦੀ ਇਕ ਅਜਿਹੀ ਅਹਿਮ ਘਟਨਾ ਨਾਲ ਹੈ ਜਿਸਨੇ ਕਿ ਸਿੱਖ ਧਰਮ ਦੀ ਸੰਸਥਾਗਤ ਬਣਤਰ ਨੂੰ ਮਜ਼ਬੂਤ ਕਰਨ ਦੀ ਬੁਨਿਆਦ ਰੱਖੀ। ਆਤਮਜੀਤ ਨੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿੱਛੇ ਪਏ ਕਾਰਣਾਂ ਦੀ ਪੜਤਾਲ ਉਸ ਵੇਲੇ ਦੇ ਇਤਿਹਾਸਕ ਸੰਦਰਭ ਮੁਤਾਬਕ ਕਰਨ ਦੀ ਚੇਸ਼ਟਾ ਕੀਤੀ ਹੈ। ਨਾਟਕ ਵਿਚਲਾ ਤਨਾਓ ਧਾਰਮਿਕ ਅਤੇ ਵਿਚਾਰਧਾਰਕ ਪੱਧਰ ਤੇ ਪੈਦਾ ਹੁੰਦਾ ਹੈ। ਗੁਰੂ ਸਾਹਿਬ ਦੀ ਸ਼ਹਾਦਤ ਪਿੱਛੇ ਪਏ ਇਨ੍ਹਾਂ ਕਾਰਣਾਂ ਨੂੰ ਵੱਖਰੇ ਨਜ਼ਰੀਏ ਤੋਂ ਵਧੇਰੇ ਤਰਕਸ਼ੀਲ ਢੰਗ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਇਸ ਸੰਬੰਧ ਵਿਚ ਨਾਟਕ ਦੀ ਭੂਮਿਕਾ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ। ਇਹ ਇਸ ਨਾਟਕ ਦੀ ਸਿਰਜਣਾਤਮਕ ਪ੍ਰੇਰਣਾ, ਥੀਮਕ ਸੰਕਲਪਨਾ ਅਤੇ ਵਿਧਾਗਤ ਵਿਲੱਖਣਤਾ ਵਲ ਹੀ ਧਿਆਨ ਆਕਰਸ਼ਿਤ ਨਹੀਂ ਕਰਦੀ ਸਗੋਂ ਉਨ੍ਹਾਂ ਇਤਿਹਾਸਕ ਲਿਖਤਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਨਵੀਨ ਅਰਥ-ਸਾਰਥਕਤਾ ਪ੍ਰਦਾਨ ਕਰਦੀਆਂ ਹਨ। ਆਤਮਜੀਤ ਦੇ ਆਪਣੇ ਸ਼ਬਦਾਂ ਵਿਚ:

> *ਜਿਉਂ ਜਿਉਂ ਮੇਰੇ ਸਾਮ੍ਹਣੇ ਮੁਜੱਦਦ ਦਾ ਚਿਹਰਾ ਉੱਭਰਦਾ ਗਿਆ, ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਪ੍ਰਸੰਗ ਵਿਚ ਨਾਟਕੀਅਤਾ ਦੇ ਅੰਸ਼ ਗੂੜ੍ਹੇ ਹੋਣ ਲੱਗੇ। ਮੁਜੱਦਦ ਨੇ ਹਿੰਦੁਸਤਾਨ ਵਿਚ ਇਕ ਤਿੱਖੇ ਵਿਚਾਰਧਾਰਾਕ ਟਕਰਾਉ ਨੂੰ ਨਾ ਕੇਵਲ ਬੜੇ ਸੁਚੇਤ ਰੂਪ ਵਿਚ ਉਭਾਰਿਆ ਬਲਕਿ ਆਪ ਪਿੱਛੇ ਰਹਿ ਕੇ ਤੇ ਉਹਲੇ ਵਿਚ ਬਹਿ ਕੇ ਆਪਣੀ ਵਿਚਾਰਧਾਰਾ ਨੂੰ ਰਾਜ ਸੱਤਾ ਰਾਹੀਂ ਲਾਗੂ ਕਰਵਾਇਆ। ਬੇਸ਼ਕ ਮੁਜੱਦਦ ਇਤਿਹਾਸ ਦੇ ਇਸ ਘਿਨਾਉਣੇ ਨਾਟਕ ਦਾ ਦਿਸਦਾ ਪਾਤਰ ਨਹੀਂ ਹੈ, ਪਰ ਉਹ ਨਿਸ਼ਚੈ ਹੀ ਇਸ ਦਾ ਲੇਖਕ ਵੀ ਹੈ ਅਤੇ ਨਿਰਦੇਸ਼ਕ ਵੀ। ਉਹ ਆਪਣੀਆਂ ਉਂਗਲਾਂ ਨਾਲ ਆਪਣੇ ਸਮੇਂ ਦੀਆਂ ਪੁਤਲੀਆਂ ਨੂੰ ਨਚਾਉਣ ਵਾਲਾ ਇੰਨਾ ਚਾਲਾਕ ਕਲਾਕਾਰ ਹੈ ਕਿ ਉਸਦੇ ਰੋਲ ਨੂੰ ਪਛਾਣਦਿਆਂ ਵੀ ਸਾਨੂੰ ਸਦੀਆਂ ਲੱਗ ਗਈਆਂ ਹਨ। ਚੰਦੂ ਅਤੇ ਪ੍ਰਿਥੀਆ ਦਾ ਗੁਰੂ-ਵਿਰੋਧ ਸਪਸ਼ਟ ਸੀ ਪਰ ਨਿਮਨ ਪੱਧਰ ਦਾ ਸੀ।-ਇਸਦੇ ਉਲਟ ਮੁਜੱਦਦ ਦਾ ਆਸ਼ਾ ਹਿੰਦੁਸਤਾਨ ਦੇ ਇਤਿਹਾਸ ਦੀ ਦਿਸ਼ਾ ਵਿਚ ਇਕ ਸਿਖਰਲੀ ਤਬਦੀਲੀ ਲਿਆਉਣੀ ਸੀ। ਚੰਦੂ ਅਤੇ ਪ੍ਰਿਥੀਏ ਦਾ ਵਿਰੋਧ ਗੁਰੂ ਨਾਲ ਸੀ, ਉਨ੍ਹਾਂ ਦੇ ਸਿੱਧਾਂਤਾਂ ਨਾਲ ਨਹੀਂ ਸੀ। -ਇਸਦੇ ਉਲਟ ਮੁਜੱਦਦ ਦਾ ਵਿਰੋਧ ਗੁਰੂ ਜੀ ਨਾਲ ਨਹੀਂ ਸੀ, ਉਨ੍ਹਾਂ ਦੇ ਸਿੱਧਾਂਤਾਂ ਨਾਲ ਸੀ। ਉਸਨੇ ਜਹਾਂਗੀਰ ਰਾਹੀਂ ਸਲਤਨਤ ਦੀ ਨੀਤੀ ਨੂੰ ਵੀ ਗੁਰੂ ਜੀ ਦੇ ਵਿਰੋਧ ਵਿਚ ਖੜਾ ਕਰ ਦਿੱਤਾ। ਇਉਂ ਮੁਜੱਦਦ ਨੇ ਗੁਰੂ*

*ਜੀ ਨੂੰ ਸ਼ਹੀਦ ਕਰਵਾ ਕੇ ਧਾਰਮਿਕ ਕੱਟੜਤਾ ਦੇ ਇਕ ਘਿਨਾਉਣੇ ਯੁੱਗ ਦਾ ਆਰੰਭ ਕਰ ਦਿੱਤਾ। ਉਹ ਗੁਰੂ ਜੀ ਦਾ ਨਹੀਂ, ਹਿੰਦੁਸਤਾਨ ਦੇ ਪੁਰਾਤਨ ਸਭਿਆਚਾਰ ਅਤੇ ਉਸ ਸਮੇਂ ਦੇ ਇਤਿਹਾਸ ਦਾ ਦੁਸ਼ਮਣ ਸੀ।*[3]

ਇਸ ਤਰ੍ਹਾਂ ਇਹ ਨਾਟਕ ਨਿਰੋਲ ਸਿੱਖ ਇਤਿਹਾਸ ਤਕ ਸੀਮਤ ਨਹੀਂ ਰਹਿੰਦਾ ਸਗੋਂ ਮੱਧਕਾਲੀਨ ਭਾਰਤ ਦੇ ਸਮੁੱਚੇ ਸਭਿਆਚਾਰਕ ਇਤਿਹਾਸ ਵਿਚ ਫੈਲ ਜਾਂਦਾ ਹੈ। ਇਹ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਹਵਾਲੇ ਨਾਲ ਤੁਜ਼ਕਿ ਜਹਾਂਗੀਰੀ ਅਤੇ ਮਕਤੂਬਾਤਿ ਅਮਾਮਿ ਰੱਬਾਨੀ ਵਰਗੀਆਂ ਤਤਕਾਲੀਨ ਇਤਿਹਾਸਕ ਲਿਖਤਾਂ ਅਤੇ ਲੋਕ-ਪ੍ਰਚੱਲਤ ਧਾਰਣਾਵਾਂ ਨੂੰ ਵਿਖੰਡਿਤ ਕਰਕੇ ਉਸ ਸਮੁੱਚੇ ਦੌਰ ਦੇ ਰਾਜਨੀਤਕ ਅਵਚੇਤਨ ਨੂੰ ਫਰੋਲਦਾ ਹੈ।

ਹਰਚਰਨ ਸਿੰਘ ਨੇ ਆਪਣਾ ਨਾਟਕ 'ਕਲ੍ਹ, ਅਜ ਤੇ ਭਲਕ' ਵੀ ਇਕ ਵਿਸ਼ੇਸ਼ ਮਨੋਰਥ ਹੇਠ ਲਿਖਿਆ ਹੈ । ਇਸ ਨਾਟਕ ਦੇ ਵਿਚਾਰ ਦੀ ਉਪਜ ਬਾਰੇ ਉਸਨੇ ਨਾਟਕ ਦੇ ਅਰੰਭ ਵਿਚ ਹੀ ਸੰਕੇਤ ਕੀਤਾ ਹੈ ਕਿ *ਸਰਬ ਵਿਆਪਕ ਭਰਿਸ਼ਟਾਚਾਰ ਤੇ ਕੌਮੀ ਆਚਰਣ ਦੀ ਵਰਤਮਾਨ ਅਤਿ ਨਿਘਰੀ ਅਵਸਥਾ ਵਿਰੁਧ ਇਕ ਰਾਜਨੀਤਕ ਆਗੂ ਭਾਸ਼ਣ ਦੇਣ ਦਾ ਢੋਂਗ ਰਚ ਸਕਦਾ ਹੈ, ਪਰ ਇਕ ਲੇਖਕ ਕਲਾਮਈ ਢੰਗ ਨਾਲ ਆਪਣੇ ਹਿਰਦੇ ਦੀ ਆਵਾਜ਼ ਲੋਕਾਂ ਤਕ ਪੁਚਾਉਂਦਾ ਹੈ ।*[4] ਆਪਣੇ ਇਸ ਵਿਚਾਰ ਨੂੰ ਨਾਟਕ ਰੂਪ ਵਿਚ ਪੇਸ਼ ਕਰਨ ਲਈ ਉਹ ਵਿਅੰਗ ਦੇ ਹਥਿਆਰ ਨੂੰ ਵੀ ਬਾਖੂਬੀ ਵਰਤਦਾ ਹੈ । ਕਿਉਂਕਿ ਸਮਾਜਿਕ ਸਮੱਸਿਆਵਾਂ ਉਪਰ ਵਧੇਰੇ ਸੰਜੀਦਗੀ ਨਾਲ ਧਿਆਨ ਦੁਆਉਣ ਲਈ ਵਿਅੰਗ ਦੀ ਵਿਧੀ ਬਹੁਤ ਕਾਰਗਰ ਰਹਿੰਦੀ ਹੈ । ਉਹ ਆਪਣੇ ਸਮਾਜਿਕ ਸਰੋਕਾਰਾਂ ਨੂੰ ਇਸ *ਲੋਕ-ਤੰਤਰਾਤਮਿਕ ਕਲਾ*[5] ਰਾਹੀਂ ਪੇਸ਼ ਕਰਨ ਲਈ ਪ੍ਰਤੀਬੱਧ ਹੈ ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਫੈਲੇ ਭ੍ਰਿਸ਼ਟਾਚਾਰ ਦੀਆਂ ਗਹਿਰਾਈਆਂ ਤਕ ਜਾਣ ਲਈ ਨਾਟਕਕਾਰ ਨੇ ਪੰਜਾਬ ਦੇ ਸਮਾਜ ਵਿਚ ਮੌਜੂਦ ਮਹੰਤ ਅਤੇ ਸੰਤ ਪ੍ਰਥਾ ਵਰਗੇ ਇਕ ਅਣਛੁਹੇ ਵਰਗ ਨੂੰ ਆਪਣੀ ਪੇਸ਼ਕਾਰੀ ਵਿਧੀ ਦੇ ਕੇਂਦਰ ਵਿਚ ਰੱਖਿਆ ਹੈ । ਸਾਰੀ ਗਲ ਇਕ ਡੇਰੇ ਦੇ ਮਹੰਤ ਚਰਨ ਦਾਸ ਦੇ ਆਲੇ ਦੁਆਲੇ ਹੀ ਘੁੰਮਦੀ ਪ੍ਰਤੀਤ ਹੁੰਦੀ ਹੈ । ਉਸਦੇ ਮੰਤਰੀ ਬਣਨ ਦੇ ਸੁਪਨੇ ਰਾਹੀਂ ਲੇਖਕ ਨੇ ਬੜੇ ਕਲਾਮਈ ਢੰਗ ਨਾਲ ਆਪਣੇ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ । ਇਹ ਮਹੰਤ ਵੀ ਇਕ ਸਧਾਰਣ ਇਨਸਾਨ ਵਾਂਗ ਮਹੱਤਵ-ਅਕਾਂਖਿਆਵਾਂ ਰੱਖਦਾ ਹੈ । ਜੋ ਆਪਣੀਆਂ ਦੱਬੀਆਂ ਹੋਈਆਂ ਖ਼ੁਹਾਇਸ਼ਾਂ ਨੂੰ ਹਰ ਹੀਲੇ ਪੂਰਾ ਕਰਨਾ ਚਾਹੁੰਦਾ ਹੈ । ਇਸਦੇ ਨਾਲ ਨਾਲ ਹੀ ਨਾਟਕਕਾਰ ਨੇ ਮਹੰਤਾਂ ਦੇ ਡੇਰਿਆਂ ਦੀ ਅਸਲੀਅਤ ਉਜਾਗਰ ਕਰਨ ਦਾ ਉਪਰਾਲਾ ਵੀ ਕੀਤਾ ਹੈ । ਸੰਤਾਂ ਮਹੰਤਾਂ ਦੇ ਡੇਰੇ ਜੋ ਕਿ ਧਰਮ ਪ੍ਰਚਾਰ

---

[3] ਆਤਮਜੀਤ, ਤੱਤੀ ਤਵੀ ਦਾ ਸੱਚ, ਪੰਨਾ-12
[4] ਉਹੀ, ਪੰਨਾ 10
[5] ਉਹੀ, ਪੰਨਾ 10

ਅਤੇ ਸਮਾਜ ਨੂੰ ਚੰਗੀਆਂ ਕਦਰਾਂ ਕੀਮਤਾਂ ਦੀ ਸਿਖਿਆ ਦੇਣ ਵਾਲੇ ਅਦਾਰੇ ਹੋਣੇ ਚਾਹੀਦੇ ਨੇ ਇਸਦੇ ਉਲਟ ਇਹ ਸਮਾਜ ਵਿਚ ਵਹਿਮਾਂ-ਭਰਮਾਂ ਅਤੇ ਚਮਤਕਾਰਾਂ ਦੇ ਢੋਂਗਾਂ ਰਾਹੀਂ ਦੁਕਾਨਦਾਰੀਆਂ ਕਰ ਰਹੇ ਹਨ । ਨਾਟਕ ਵਿਚ ਮਹੰਤ ਦੇ ਡੇਰੇ ਦੇ ਦ੍ਰਿਸ਼ ਰਾਹੀ ਇਕ ਭਿਆਨਕ ਮਹੌਲ ਸਿਰਜਿਆ ਗਿਆ ਹੈ । ਸਮਾਜ ਵਿਚ ਧਰਮ ਦੇ ਨਾਂ ਹੇਠ ਅਤੇ ਵਹਿਮਾਂ ਭਰਮਾਂ ਵਿਚ ਫੱਸਕੇ ਔਰਤਾਂ ਕਿਸ ਤਰ੍ਹਾਂ ਧਰਮ ਦੇ ਅਖੌਤੀ ਆਗੂਆਂ ਦੀ ਹਵਸ ਦਾ ਸ਼ਿਕਾਰ ਹੁੰਦੀਆਂ ਹਨ ਇਸ ਵਿਸ਼ੇ ਨੂੰ ਵੀ ਬੜੀ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਹੈ ।

ਅਜਮੇਰ ਸਿੰਘ ਔਲਖ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਪ੍ਰਤੀਨਿੱਧ ਨਾਟਕਕਾਰ ਹੈ। ਉਹ ਪਿੱਛਲੇ ਲਮੇਂ ਸਮੇਂ ਤੋਂ ਨਿਰੰਤਰ ਬਹੁਤ ਸੁਹਿਰਦਤਾ ਅਤੇ ਵਚਨਬੱਧਤਾ ਨਾਲ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਯਥਾਰਥ ਰੂਪ ਵਿਚ ਚਿੱਤਰਦਾ ਆ ਰਿਹਾ ਹੈ। ਅਜੋਕੇ ਸਮੇਂ ਵਿਚ ਜਦੋਂ ਪੂਰਾ ਵਿਸ਼ਵ ਵਿਸ਼ਵੀਕਰਣ, ਉਦਾਰੀਕਰਣ ਅਤੇ ਨਿੱਜੀਕਰਣ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਤਾਂ ਇਸ ਅਮਲ ਨਾਲ ਪੰਜਾਬ ਦੀ ਕਿਰਤੀ ਅਤੇ ਕਿਰਸਾਨੀ ਜਮਾਤ ਵੀ ਪ੍ਰਭਾਵਿਤ ਹੋਈ ਹੈ। ਅਜਮੇਰ ਔਲਖ ਦਾ ਨਾਟਕ ‘ਨਿੱਕੇ ਸੂਰਜਾਂ ਦੀ ਲੜਾਈ’ ਇਸੇ ਜਮਾਤ ਦੀ ਨਿੱਘਰ ਰਹੀ ਹਾਲਤ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਪੇਸ਼ ਕਰਨ ਵਲ ਰੁਚਿਤ ਹੈ।

ਵਿਸ਼ਵੀਕਰਣ ਦਾ ਅਮਲ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਮਾੜੇ ਪ੍ਰਭਾਵ ਵਧੇਰੇ ਪਾ ਰਿਹਾ ਹੈ ਕਿਉਂਕਿ ਪੰਜਾਬ ਦਾ ਕਿਰਤੀ ਪਹਿਲੋਂ ਕਿਰਸਾਨੀ ਵਿਚੋਂ ਲੰਘਿਆ ਹੈ। ਕਿਰਸਾਨੀ ਜੀਵਨ ਦੇ ਨਾਲ ਉਸਨੇ ਪਹਿਲਾਂ ਜਗੀਰਦਾਰੀ ਸਮਾਜਕ/ਆਰਥਕ ਵਿਵਸਥਾ ਦਾ ਸਮਾਂ ਵੇਖਿਆ ਤੇ ਹੰਢਾਇਆ ਹੈ। ਉਸਦਾ ਜੀਵਨ ਮਸ਼ੀਨੀ ਯੁੱਗ ਨੂੰ ਪੂਰੀ ਤਰ੍ਹਾਂ ਅਪਣਾ ਵੀ ਨਹੀਂ ਪਾਇਆ ਸੀ ਕਿ ਅਗਲਾ ਵਪਾਰਕ ਦੌਰ ਸ਼ੁਰੂ ਹੋ ਗਿਆ। ਭਾਰਤ ਵਰਗੇ ਗ਼ਰੀਬ ਮੁਲਕ ਵਿਚ ਜਿੱਥੇ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਉਥੇ ਇਸ ਅਮਲ ਦੇ ਵੀ ਵਿਗੜੇ ਰੂਪ ਅਤੇ ਸਿੱਟੇ ਹੀ ਸਾਹਮਣੇ ਆ ਰਹੇ ਹਨ। ਔਲਖ ਨੇ ਇਸ ਨਾਟਕ ਵਿਚ ਵਰਤਮਾਨ ਪੰਜਾਬੀ ਸਮਾਜ ਸਾਹਮਣੇ ਪੇਸ਼ ਨਵੀਆਂ ਵੰਗਾਰਾਂ ਨੂੰ ਆਪਣੇ ਨਾਟਕ ਦੀ ਪਿੱਠਭੂੰਮੀ ਵਿਚ ਰਖਿਆ ਹੈ। ਉਸਦਾ ਸਰੋਕਾਰ ਪੇਂਡੂ ਕਿਰਸਾਨੀ ਜੀਵਨ ਵਿਚੋਂ ਉਠਕੇ ਕਿਰਤੀ ਬਣੇ ਉਸ ਗ਼ਰੀਬ ਤਬਕੇ ਨਾਲ ਹੈ ਜੋ ਸ਼ਹਿਰ ਵਿਚ ਜਾਕੇ ਫੈਕਟਰੀਆਂ ਅਤੇ ਮਿੱਲਾਂ ਵਿਚ ਕੰਮ ਕਰਨ ਲਈ ਮਜਬੂਰ ਹੋਇਆ। ਇਸਦਾ ਪ੍ਰਮੁੱਖ ਕਾਰਣ ਕਿਸਾਨਾਂ ਦੀ ਮਾਂਦੀ ਆਰਥਕ ਹਾਲਤ ਨੂੰ ਮੰਨਿਆ ਗਿਆ ਹੈ। ਹਰੀ-ਕ੍ਰਾਂਤੀ ਨਾਂ ਦੇ ਨਾਲ ਮਸ਼ਹੂਰ ਹੋਏ ਦੌਰ ਨੇ ਪੰਜਾਬ ਦੇ ਇਕ ਵੱਡੇ ਅਤੇ ਸਮਰੱਥ ਕਿਸਾਨ ਤਬਕੇ ਨੂੰ ਵਧੇਰੇ ਲਾਭ ਪੁਚਾਇਆ ਸੀ। ਇਸ ਦੌਰ ਦੇ ਨਾਲ ਤੁਰਨ ਦੀ ਮਜਬੂਰੀ ਨੇ ਛੋਟੀ ਕਿਰਸਾਨੀ ਨੂੰ ਖੇਤੀਬਾੜੀ ਦੇ ਨਵੇਂ ਤੌਰ ਤਰੀਕੇ ਅਪਨਾਉਣ ਕਾਰਣ ਕਰਜ਼ਾਈ

ਵੀ ਕਰ ਦਿੱਤਾ ਸੀ। ਭਾਵੇਂ ਕਿ ਇਹ ਇਕੋ ਕਾਰਣ ਨਹੀਂ ਸੀ ਸਗੋਂ ਛੋਟੀ ਕਿਰਸਾਨੀ ਨੂੰ ਮਸ਼ੀਨੀਕਰਣ ਦੇ ਦਬਾਅ ਹੇਠ ਰਹਿਣ ਤੋਂ ਇਲਾਵਾ ਹੋਰਨਾਂ ਸਮਾਜਕ ਕਾਰਜਾਂ ਦੀ ਪੂਰਤੀ ਲਈ ਵੀ ਤੰਗੀ ਝੱਲਣੀ ਪੈਂਦੀ ਹੈ ਧੀਆਂ-ਭੈਣਾਂ ਦੇ ਵਿਆਹ ਲਈ ਵੀ ਕਰਜ਼ਾ ਚੁੱਕਣਾ ਪੈਂਦਾ ਹੈ। ਪਰ ਛੋਟੀ ਕਿਰਸਾਨੀ ਨੇ ਜਿਸ ਖੁਸ਼ਹਾਲੀ ਦੇ ਸੁਪਨੇ ਲਈ ਟਰੈਕਟਰ ਆਦਿ ਖਰੀਦੇ ਉਸੇ ਦੀਆਂ ਕਿਸ਼ਤਾਂ ਨਾ ਮੋੜਨ ਕਾਰਣ ਟਰੈਕਟਰ ਵਿਕ ਗਿਆ ਜਾਂ ਕਿਸ਼ਤਾਂ ਪੂਰੀਆਂ ਕਰਨ ਲਈ ਜ਼ਮੀਨ ਵੀ ਵਿੱਕ ਗਈ। ਨਤੀਜਾ ਇਹ ਹੋਇਆ ਕਿ ਜਿਸ ਜ਼ਮੀਨ ਦੀ ਕਾਸ਼ਤ ਲਈ ਟਰੈਕਟਰ ਲਿਆ ਉਹ ਉਸੇ ਜ਼ਮੀਨ ਨੂੰ ਖਾ ਗਿਆ। ਨਾ ਜ਼ਮੀਨ ਰਹੀ ਅਤੇ ਨਾ ਹੀ ਮਸ਼ੀਨ। ਇਸ ਬਦਲਾਵ ਦੇ ਦੌਰ ਵਿਚ ਬਰਬਾਦ ਹੋ ਚੁੱਕਿਆ ਕਿਸਾਨ ਜੀਉਂਦਿਆਂ ਰਹਿਣ ਲਈ ਸਿਰਫ ਸ਼ਹਿਰ ਵੱਲ ਮੂੰਹ ਕਰ ਸਕਦਾ ਸੀ। ਇਸ ਸਥਿਤੀ ਨੇ ਉਸ ਦੇ ਘਰੋਗੀ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਤੇ ਸਮਾਜਕ ਸਾਕਾਚਾਰੀ ਨੂੰ ਵੀ। ਜੱਟ ਲਈ ਜ਼ਮੀਨ ਨੂੰ ਵੇਚਣਾ ਹੀ ਇਕ ਬਹੁਤ ਸੰਕਟਮਈ ਸਥਿਤੀ ਪੈਦਾ ਕਰਦਾ ਹੈ। ਪਰ ਹਕੀਕਤ ਤਾਂ ਇਹ ਬਣ ਗਈ ਹੈ ਕਿ ਕਿਸਾਨਾਂ ਮੂਹਰੇ ਇਸ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਰਿਹਾ। ਇਸ ਨਾਲ ਉਨ੍ਹਾਂ ਦੀ ਸਮਾਜਕ ਸਥਿਤੀ ਵਿਚ ਬਦਲਾਵ ਆਉਣਾ ਵੀ ਲਾਜ਼ਮੀ ਹੋ ਗਿਆ।

> **ਮੇਜਰ:** *ਗੁੱਸੇ ਨਾਲ* ਮਿਹਨਤ-ਮਜ਼ਦੂਰੀ ਕਰਨੀ ਐਂ ਏਥੇ ਆਪਣੇ ਪਿੰਡ ਵਿਚ ਕਰ ਲਉ। ਜ਼ਰੂਰ ਮੰਡੀ ਦੇ ਸੇਠਾਂ-ਸਰਦਾਰਾਂ ਦਾ ਗੋਹਾ-ਕੂੜਾ ਕਰਨੈਂ?
>
> **ਚਰਨਾ:** ਏਥੇ ਸ਼ਰੀਕਾਂ ਮੂਹਰੇ ਕੀਤੇ ਜਾਂਦੇ ਐ ਦੂਜੀਆਂ ਜਾਤਾਂ ਵਾਲੇ ਕੰਮ? ਨਾਲੇ ਤੂੰ ਕਰਲੇਂਗਾ!"[6]

ਪੇਂਡੂ ਜੀਵਨ ਤੋਂ ਸ਼ਹਿਰੀ ਜੀਵਨ ਵਿਚ ਪ੍ਰਵੇਸ਼ ਕਰਨ ਨਾਲ ਆਪਣਾ ਜਾਤੀਗਤ ਸੁਭਾ ਵੀ ਬਦਲਨਾ ਪਿਆ ਹੈ। ਇਸ ਤਰ੍ਹਾਂ ਜ਼ਮੀਨ ਵਿਕਣ 'ਤੇ ਜੱਟ ਨੂੰ ਜਾਂ ਕਿਰਸਾਣ ਨੂੰ ਕਿਰਤੀ ਬਣਨਾ ਪਿਆ। ਕਿੱਤਾ ਮੁਖੀ ਸਮਾਜਕ ਬਣਤਰ ਦੀਆਂ ਕਦਰਾਂ ਕੀਮਤਾਂ ਦਾ ਟਾਕਰਾ ਵੀ ਕਰਨਾ ਪਿਆ। ਨਵੇਂ ਸਮਾਜਕ ਸਮੀਕਰਣਾਂ ਜਾਂ ਨਵੀਂ ਸਮਾਜਕ ਬਣਤਰ ਦਾ ਹਿੱਸਾ ਬਣਨਾ ਪਿਆ। ਕਿਰਤ ਦਾ ਕਾਰਜ ਵੀ ਜ਼ਿਆਦਾਤਰ ਬਹੁਤ ਮਾਮੂਲੀ ਕਿਰਤ ਤੋਂ ਸ਼ੁਰੂ ਕਰਨਾ ਪਿਆ। ਮੌਜੂਦਾ ਸਮੇਂ ਵਿਚ ਜੋ ਅਰਥ-ਵਿਵਸਥਾ ਆਪਣੀਆਂ ਜੜ੍ਹਾਂ ਫੈਲਾਅ ਰਹੀ ਹੈ ਉਸਨੇ ਇਸ ਤਰ੍ਹਾਂ ਦੇ ਕਿਰਤੀ ਵਰਗ ਨੂੰ ਜੜੋਂ ਪੁੱਟ ਦਿੱਤਾ ਹੈ। ਜਿਸ ਮਿਹਨਤ ਅਤੇ ਤਨਦੇਹੀ ਨਾਲ ਉਹ ਆਪਣੇ ਕੰਮ-ਧੰਦਿਆਂ ਨਾਲ ਜੁੜ ਚੁੱਕੇ ਸਨ ਉਹ ਕੰਮ ਧੰਦੇ ਉਨ੍ਹਾਂ ਕੋਲੋਂ ਖੋਹੇ ਜਾ ਰਹੇ ਹਨ। ਦੇਸ਼ਾਂ ਦੀਆਂ ਵਪਾਰਕ ਹੱਦਾਂ ਖੋਲ੍ਹਣ ਕਾਰਣ ਆਰਥਕ ਸਥਿਤੀਆਂ ਵਿਚ ਬਹੁਤ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ। ਵਿਸ਼ਵੀਕਰਣ ਦੇ ਦੌਰ ਵਿਚ ਸਰਕਾਰ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ

---

[6] ਉਹੀ, ਪੰਨਾ-52

ਛੱਡਕੇ ਕਿਸੇ ਵਪਾਰੀ ਵਰਗੀ ਭੂਮਿਕਾ ਨਿਭਾ ਰਹੀ ਹੈ। ਅਜਿਹੀਆਂ ਕਾਰਵਾਈਆਂ ਕਾਰਨ ਇਨ੍ਹਾਂ ਨਾਲ ਜੁੜੇ ਕਿਰਤੀ ਨਵੇਂ ਵਪਾਰੀ ਵਰਗ ਦੇ ਰਹਿਮੋ-ਕਰਮ ਹੇਠ ਆ ਗਏ ਹਨ। ਇਸ ਤਰ੍ਹਾਂ ਨਾਟਕਕਾਰ ਬਹੁਤ ਸੁਚੇਤ ਹੋਕੇ ਵਿਸ਼ਵੀਕਰਣ ਦੇ ਬਹਾਨੇ ਆਮ ਕਿਰਤੀ ਦੀ ਰੋਜ਼ੀ-ਰੋਟੀ ਖੋਹਣ ਵਾਲਿਆਂ ਨੂੰ ਬੇਨਕਾਬ ਕਰਨ ਦਾ ਜਤਨ ਕਰਦਾ ਹੈ। ਵਿਸ਼ਵੀਕਰਣ ਦੇ ਇਸ ਵੱਡੇ ਅਮਲ ਸਾਹਮਣੇ ਭਾਵੇਂ ਸਾਰੇ ਜਤਨ ਛੋਟੇ ਜਾਪਦੇ ਹੋਣ ਪਰ ਕਿਰਤੀ ਨਿੱਕੇ ਸੂਰਜਾਂ ਵਾਂਗ ਚੇਤਨਾ-ਮੁੱਖੀ ਹੋਕੇ ਲੜਾਈ ਜਾਰੀ ਰਖਣਗੇ। ਇਸ ਨਾਟਕ ਦੇ ਨਾਂ ਦੇ ਨਾਲ ਨਾਲ ਅਰੰਭ ਵਿਚ ਦਰਜ ਗਿਆਰਵੀਂ ਸਦੀ ਦੇ ਕੰਨੜ-ਕਵੀ ਬਸਵੰਨਾ ਦੀਆਂ ਕਾਵਿ-ਸਤਰਾਂ ਵੀ ਅਜਮੇਰ ਔਲਖ ਦੇ ਇਸ ਨਾਟਕ ਦਾ ਵਿਚਾਰਧਾਰਾਈ ਪ੍ਰੇਰਣਾ ਸਰੋਤ ਜਾਪਦੀਆਂ ਹਨ: ਜੋ ਖੜ੍ਹ ਜਾਂਦੇ ਨੇ, ਉਹ ਢਹਿ ਪੈਂਦੇ ਨੇ। ਜੋ ਚਲਦੇ ਰਹਿੰਦੇ ਨੇ, ਬਸ ਉਹੀ ਰਹਿੰਦੇ ਨੇ! ਸਮੇਂ ਦੇ ਨਾਲ ਅਤੇ ਹਾਲਾਤ ਨੂੰ ਵੇਖ ਕੇ ਸੰਘਰਸ਼ ਦਾ ਰੂਪ ਆਪੇ ਹੀ ਤੈਅ ਹੋ ਜਾਂਦਾ ਹੈ ਅਰਥਾਤ ਨਵੀਂਆਂ ਸਥਿਤੀਆਂ ਵਿਚ ਇਸ ਵੇਲੇ ਭਾਵੇਂ ਇਹ ਸੰਘਰਸ਼ ਕਠਿਨ ਜਾਪਦਾ ਹੋਵੇ ਪਰ 'ਖੜ੍ਹੇ ਰਹਿਣ ਵਾਲੇ ਢਹਿ ਪੈਂਦੇ ਨੇ ਤੇ ਜੋ ਚਲਦੇ ਰਹਿੰਦੇ ਨੇ ਉਹੀ ਰਹਿੰਦੇ ਨੇ'। ਪੰਜਾਬ ਨੇ ਪਹਿਲਾਂ ਵੀ ਸੰਘਰਸ਼ ਕੀਤੇ ਹਨ ਜਿਸਦਾ ਜ਼ਿਕਰ ਔਲਖ ਨੇ ਅਸਿਧੇ ਤੌਰ 'ਤੇ ਕੀਤਾ ਹੈ। ਉਸ ਦੇ ਨਤੀਜਿਆਂ ਨੂੰ ਵੀ ਸਵੀਕਾਰ ਕਰਦਾ ਹੋਇਆ ਇਸਨੂੰ ਇਕ ਨਿਰੰਤਰ ਸੰਘਰਸ਼ ਦਾ ਹੀ ਹਿੱਸਾ ਮੰਨਦਾ ਹੈ।

ਪਾਲੀ ਭੁਪਿੰਦਰ ਸਿੰਘ ਸਮਕਾਲੀ ਪੰਜਾਬੀ ਨਾਟਕਕਾਰਾਂ ਵਿਚੋਂ ਇਕ ਬਹੁਚਰਚਿੱਤ ਨਾਟਕਕਾਰ ਹੈ। ਉਸਦੇ ਨਾਟਕਾਂ ਦਾ ਸਰੋਕਾਰ ਸਮਕਾਲੀ ਸਮੱਸਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਵਿਚਾਰ ਕੇ ਮੰਚ ਉੱਪਰ ਪੇਸ਼ ਕਰਨ ਨਾਲ ਹੈ। ਨਾਟਕ ਲਿਖਣ ਅਤੇ ਪ੍ਰਸਤੁਤੀ ਦੀ ਤਕਨੀਕ ਪਖੋਂ ਬਹੁਤ ਪ੍ਰੌੜਤਾ ਅਤੇ ਵਿਸ਼ੈਗਤ ਸਮੱਸਿਆਵਾਂ ਦੀ ਬੌਧਿਕ ਪਕੜ ਉਸਨੂੰ ਸਮਕਾਲ ਦੇ ਹੋਰਨਾਂ ਨਾਟਕਕਾਰਾਂ ਨਾਲੋਂ ਵੱਖਰਾ ਖੜਾ ਕਰ ਦਿੰਦੀ ਹੈ। ਉਸਦਾ ਨਾਟਕ 'ਟੈੱਰਰਿਸਟ ਦੀ ਪ੍ਰੇਮਿਕਾ' ਅੱਤਵਾਦ ਦੇ ਵਾਤਾਵਰਣ ਵਿਚੋਂ ਉੱਪਜਣ ਵਾਲੀਆਂ ਗੰਭੀਰ ਅਤੇ ਅਣਛੂਹੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਵੱਲ ਰੁਚਿਤ ਹੁੰਦਾ ਹੈ। ਅੱਤਵਾਦ ਦਾ ਸਮਾਂ ਭਾਵੇਂ ਪੰਜਾਬ ਵਿਚ ਬਹੁਤ ਕੌੜੀਆਂ ਯਾਦਾਂ ਛੱਡਕੇ ਗਿਆ ਹੈ ਪਰ ਇਸ ਦੌਰ ਨੇ ਮਾਨਵੀ ਸੰਵੇਦਨਾਵਾਂ ਵਿਚ ਬਹੁਤ ਤਦਬੀਲੀਆਂ ਵੀ ਵੇਖੀਆਂ ਹਨ। ਪੰਜਾਬ ਦੇ ਜੋ ਲੋਕ ਆਪਸੀ ਸਾਂਝ ਅਤੇ ਭਰੋਸੇਯੋਗਤਾ ਦੀ ਮਿਸਾਲ ਸਨ, ਇਸ ਦੌਰ ਤੋਂ ਬਾਅਦ ਬੇਵਸਾਹੀ ਅਤੇ ਅੰਤਾਂ ਦੀ ਟੁੱਟ-ਭੱਜ ਦੇ ਸ਼ਿਕਾਰ ਹੋਏ। ਸਹੀ-ਗ਼ਲਤ ਨੂੰ ਪਰਖਣ ਦੀ ਪਛਾਣ ਵੀ ਬਦਲ ਗਈ। ਇਸ ਨੂੰ ਤੈਅ ਕਰਨ ਦੇ ਪੈਮਾਨੇ ਵੀ ਫਿਰਕਿਆਂ ਦੀਆਂ ਵੰਡੀਆਂ ਵਿਚ ਵੰਡੇ ਗਏ ਅਤੇ ਇਨਸਾਫ ਦੀ ਗੱਲ ਇਕ ਦੂਰ ਦਾ ਸੁਫਨਾ ਬਣਕੇ ਰਹਿ ਗਈ। ਸਮਾਂ ਪਾਕੇ ਕਈ ਗੱਲਾਂ ਦਾ ਨਿਤਾਰਾ ਵੀ ਹੋਇਆ ਪਰ ਬਦਲੇ ਹਾਲਾਤ ਵਿਚ ਦੋਹਾਂ ਧਿਰਾਂ (ਸਰਕਾਰ ਅਤੇ ਅੱਤਵਾਦੀ) ਦੀ ਅਸਲੀਅਤ ਨੂੰ ਤਾਰਕਿਕ ਅਤੇ ਸੰਤੁਲਿਤ ਢੰਗ ਨਾਲ ਬਿਆਨ ਕਰਨ ਦੀ ਜੁਅਰੱਤ ਬਹੁਤ ਘੱਟ ਲੇਖਕ ਹੀ ਕਰ ਪਾਏ ਹਨ। ਪਾਲੀ

ਭੁਪਿੰਦਰ ਸਿੰਘ ਦਾ ਨਾਂਅ ਉਨ੍ਹਾਂ ਸੰਜੀਦਾ ਨਾਟਕਕਾਰਾਂ ਵਿਚ ਸ਼ੁਮਾਰ ਹੈ ਜਿਸਨੇ ਉਸ ਸਮੱਸਿਆਗ੍ਰਸਤ ਸਥਿਤੀ ਨੂੰ ਸੰਵੇਦਨਸ਼ੀਲਤਾ ਨਾਲ ਹੰਢਾਉਂਦਿਆਂ ਹੋਇਆਂ ਕੁਝ ਕੌੜੀਆਂ ਗੱਲਾਂ ਨੂੰ ਪੇਸ਼ ਕਰਨ ਦੀ ਜੁਅਰੱਤ ਕੀਤੀ ਹੈ।

ਅੱਤਵਾਦ ਆਧੁਨਿਕ ਕਾਲ ਦੀ ਹੀ ਦੇਣ ਹੈ ਭਾਵੇਂ ਕਿ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਲੜਾਈ ਲਈ ਇਹ ਰਾਹ ਬਹੁਤ ਪਹਿਲਾਂ ਤੋਂ ਕੁਦਰਤੀ ਤੌਰ 'ਤੇ ਅਪਣਾਇਆ ਜਾਂਦਾ ਰਿਹਾ ਹੈ ਪਰ ਅਜੋਕੇ ਸਮੇਂ ਵਿਚ ਇਸਦੇ ਅਰਥ ਬਦਲ ਗਏ ਹਨ। ਆਪਣੀਆਂ ਮੰਗਾਂ ਮਨਵਾਉਣ ਦਾ ਇਹ ਤਰੀਕਾ ਭਾਵੇਂ ਮਨੁੱਖ ਦੇ ਆਦਿ ਕਾਲੀ ਪਸ਼ੂ-ਬਿਰਤੀ ਵਾਲੇ ਇਤਿਹਾਸ ਜਿੰਨਾਂ ਪੁਰਾਣਾ ਹੈ ਪਰ ਆਪਣੇ ਹੱਕਾਂ ਅਤੇ ਅਧਿਕਾਰਾਂ ਬਾਰੇ ਸੂਝ ਪੈਦਾ ਹੋਣ ਤੋਂ ਬਾਅਦ ਸਮਾਜਕ ਤੌਰ 'ਤੇ ਭਿੰਨਤਾਵਾਂ ਵਿਚ ਵੰਡੇ ਹੋਈ ਵਿਵਸਥਾ ਨੇ ਬਹੁਤ ਸੰਕਟਮਈ ਸਥਿਤੀ ਪੈਦਾ ਕਰ ਦਿੱਤੀ ਹੈ। ਕਿਸੇ ਇਕ ਸਮਾਜਕ ਪ੍ਰਬੰਧ ਜਾਂ ਫਿਰਕੇ ਲਈ ਜੋ ਹੱਕ ਅਤੇ ਜਾਇਜ਼ ਲਗਦੇ ਹਨ ਤਾਂ ਕਿਸੇ ਦੂਜੇ ਲਈ ਉਹ ਨਾਜਾਇਜ਼ ਵੀ ਹੋ ਸਕਦੇ ਹਨ। ਜਾਇਜ਼ ਅਤੇ ਨਾਜਾਇਜ਼ ਨੂੰ ਪਰਖਣ ਅਤੇ ਸਹੀ ਗ਼ਲਤ ਦਾ ਨਿਰਣਾ ਕਰਨਾ ਜਿਸ ਤਾਕਤ ਜਾਂ ਸ਼ਕਤੀਵਾਨ ਧਿਰ ਦੇ ਹੱਥ ਵਿਚ ਹੁੰਦੀ ਹੈ ਉਸ ਉੱਪਰ ਬਹੁ-ਗਿਣਤੀ ਹੋਣ ਕਰਕੇ ਸ਼ੱਕ ਅਤੇ ਸ਼ੁਬਾ ਵਾਲਾ ਨਜ਼ਰੀਆ ਪੈਦਾ ਹੋਣਾ ਵੀ ਸੁਭਾਵਕ ਹੀ ਹੈ। ਅਜਿਹੀ ਸਥਿਤੀ ਵਿਚ ਜਦ ਸਿਆਸੀ ਤਾਕਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਧਰਮ ਅਤੇ ਸਮਾਜ ਦੀਆਂ ਵੰਡੀਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦਾ ਜਤਨ ਕਰਦੀਆਂ ਹਨ ਤਾਂ ਸਮਾਜ ਵਿਚ ਨਿਰਾਸ਼ਾ ਅਤੇ ਬੇਵਸਾਹੀ ਦਾ ਮਾਹੌਲ ਪੈਦਾ ਹੋ ਜਾਂਦਾ ਹੈ। ਅਜਿਹੇ ਮਾਹੌਲ ਵਿਚ ਹਰ ਧਿਰ ਨੂੰ ਆਪਣਾ ਪੱਖ ਹੀ ਠੀਕ ਲਗਦਾ ਹੈ। ਸਿਆਸੀ ਸੂਝ ਦੀ ਘਾਟ ਅਤੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਕਰਨ ਦੀ ਬਿਰਤੀ ਕਾਰਣ ਅਜੋਕੇ ਸਮਾਜ ਵਿਚ ਇਹੋ ਜਿਹੀ ਬੇਚੈਨੀ ਨੇ ਬਦਅਮਨੀ ਨੂੰ ਅੰਜਾਮ ਦਿੱਤਾ ਹੈ। ਜਿਸਦੇ ਫਲਸਰੂਪ ਅੱਤਵਾਦ ਪੈਦਾ ਹੋਇਆ। ਅੱਤਵਾਦ ਸਿਰਫ ਸਰਕਾਰ ਵਿਰੋਧੀ ਧਿਰ ਦਾ ਹੀ ਨਹੀਂ ਸਗੋਂ ਉਸਨੂੰ ਕੁਚਲਣ ਜਾਂ ਦਬਾਉਣ ਵਿਚ ਲੱਗੀ ਸੱਤਾਧਾਰੀ ਸਰਕਾਰੀ ਧਿਰ ਦਾ ਵੀ ਹੁੰਦਾ ਹੈ। ਇਹੋ ਮਸਲਾ ਹੈ ਜਿਸਨੂੰ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਨੇ ਆਪਣੇ ਨਾਟਕ 'ਟੈੱਰਰਿਸਟ ਦੀ ਪ੍ਰੇਮਿਕਾ' ਵਿਚ ਉਠਾਉਣ ਦਾ ਉਪਰਾਲਾ ਕੀਤਾ ਹੈ।

ਇਹੋ ਜਿਹੀ ਸਥਿਤੀ ਵਿਚ ਆਮ ਲੋਕ ਸਰਕਾਰੀ ਪ੍ਰਚਾਰ ਦੇ ਸ਼ਿਕਾਰ ਹੋਕੇ ਸਮੱਸਿਆ ਦਾ ਸਿਰਫ ਇਕ ਹੀ ਪੱਖ ਦੇਖ ਪਾਉਂਦੇ ਹਨ। ਕਿਉਂਕਿ ਮੀਡੀਆ ਨੂੰ ਸਾਰੀ ਜਾਣਕਾਰੀ ਸਰਕਾਰੀ ਸੂਤਰਾਂ ਤੋਂ ਹੀ ਮੁਹੱਈਆ ਕੀਤੀ ਜਾਂਦੀ ਹੈ। ਅੱਤਵਾਦੀਆਂ ਦੀਆਂ ਵਾਰਦਾਤਾਂ ਦੀਆਂ ਖਬਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਸਰਕਾਰੀ ਮਜਬੂਰੀ ਵਿਚ ਸਰਕਾਰੀ ਮਸ਼ੀਨਰੀ ਦੀਆਂ ਵਧੀਕੀਆਂ ਦੀਆਂ ਸਾਰੀਆਂ ਖਬਰਾਂ ਦਬਾ ਦਿੱਤੀਆਂ ਜਾਂਦੀਆਂ ਹਨ। ਨਾਟਕਕਾਰ ਇਸ ਸਮੱਸਿਆ ਦੇ ਕਾਰਣਾਂ ਵੱਲ ਬਹੁਤਾ ਗਹਿਰਾਈ ਨਾਲ ਨਹੀਂ ਜਾਂਦਾ ਕਿਉਂਕਿ ਉਸਦਾ ਸਰੋਕਾਰ ਇਹੋ ਜਿਹੀਆਂ ਸਥਿਤੀਆਂ ਵਿਚੋਂ

ਪੈਦਾ ਹੋਏ ਮਾਹੌਲ ਨੂੰ ਵਿਚਾਰਨਾ ਹੈ ਜਿਸ ਨੇ ਮਨੁੱਖੀ ਹੱਕਾਂ ਨੂੰ ਬੌਣਾਂ ਕਰ ਦਿੱਤਾ ਹੈ। ਆਮ ਆਦਮੀ ਨੂੰ ਦੋਹਾਂ ਪਾਸਿਆਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਨਾਲ ਜਿਥੇ ਅੱਤਵਾਦ ਨੂੰ ਹੋਰ ਮਜ਼ਬੂਤੀ ਮਿਲਦੀ ਹੈ ਉੱਥੇ ਨਾਲ ਹੀ ਸਰਕਾਰ ਦੀਆਂ ਜਵਾਬੀ ਕਾਰਵਾਈਆਂ ਨੂੰ ਵੀ ਅਣਕਹਿਆ ਸਮਰਥਨ ਮਿਲ ਜਾਂਦਾ ਹੈ ਭਾਵੇਂ ਇਸ ਸਮਰਥਨ ਦੀ ਆੜ ਵਿਚ ਵਧੀਕੀਆਂ ਕੀਤੀਆਂ ਜਾਣ ਜਾਂ ਹੋਰ ਅਮਾਨਵੀ ਕਾਰਜ ਹੁੰਦੇ ਹੋਣ।

ਸਾਹਿਤ ਦੇ ਨਾਟਕੀ ਰੂਪਾਕਾਰ ਦਾ ਸੰਬੰਧ ਸਿੱਧਾ ਦਰਸ਼ਕਾਂ ਨਾਲ ਹੁੰਦਾ ਹੈ ਤੇ ਰੰਗਮੰਚ ਵੀ ਇਕ ਤਰ੍ਹਾਂ ਨਾਲ ਮਾਨਵੀ ਜੀਵਨ ਨਾਲ ਸੰਬੰਧ ਜੀਵਨ ਤੇ ਜਗਤ ਨੂੰ ਹੀ ਸਾਕਾਰ ਕਰ ਰਿਹਾ ਹੁੰਦਾ ਹੈ। ਰੰਗਮੰਚੀ ਪੇਸ਼ਕਾਰੀ ਦੇ ਢੰਗ ਤਰੀਕੇ ਕਈ ਤਰ੍ਹਾਂ ਦੇ ਹੋ ਸਕਦੇ ਹਨ ਜਿਨ੍ਹਾਂ ਨੂੰ ਨਾਟਕੀ ਜਾਂ ਮੰਚੀ ਜੁਗਤਾਂ ਦੇ ਹਵਾਲੇ ਨਾਲ ਸਮਝਿਆ ਜਾਂਦਾ ਹੈ। ਇਨ੍ਹਾਂ ਤਕਨੀਕਾਂ ਦਾ ਇਕ ਮੁੱਖ ਮੰਤਵ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਦਾ ਵੀ ਹੁੰਦਾ ਹੈ। ਜੇਕਰ ਨਾਟਕ ਦੇ ਵਿਸ਼ੇ-ਵਸਤੂ ਦਾ ਸਰੋਕਾਰ ਦਰਸ਼ਕ ਵਰਗ ਦੇ ਜੀਵਨ ਦੇ ਸਰੋਕਾਰਾਂ ਨਾਲ ਨਹੀਂ ਜੁੜਦਾ ਤਾਂ ਉਸ ਨਾਟਕੀ ਕਿਰਤ ਦੀ ਸਫਲਤਾ ਉਪਰ ਵੀ ਪ੍ਰਸ਼ਨ-ਚਿਹਨ ਲੱਗ ਜਾਂਦਾ ਹੈ। ਨਾਟਕੀ ਰੂਪਾਕਾਰ ਸਾਹਿਤ ਦੇ ਹੋਰਨਾਂ ਰੂਪਾਕਾਰਾਂ ਨਾਲੋਂ ਸਿਰਫ ਵੱਖਰਾ ਹੀ ਨਹੀਂ ਸਗੋਂ ਵਧੇਰੇ ਸ਼ਕਤੀਸ਼ਾਲੀ ਮਾਧਿਅਮ ਵੀ ਹੈ ਜਿਸ ਰਾਹੀਂ ਦਰਸ਼ਕਾਂ ਦੀ ਚੇਤਨਾ ਨੂੰ ਬਹੁ-ਪਸਾਰੀ ਵਸੀਲਿਆਂ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸਦਾ ਅਸਰ ਮਨੁੱਖ ਦੇ ਅਵਚੇਤਨ ਤਕ ਵੀ ਜ਼ਰੂਰ ਹੁੰਦਾ ਹੈ। ਇਸ ਤਰ੍ਹਾਂ ਨਾਟਕ ਅਜਿਹਾ ਸਾਹਿਤ ਰੂਪ ਬਣਕੇ ਉਭਰਦਾ ਹੈ ਜਿਸ ਨਾਲ ਨਾਟਕਕਾਰ ਆਪਣਾ ਸਮਾਜਕ, ਸਭਿਆਚਾਰ ਜਾਂ ਰਾਜਨੀਤਕ ਸੰਦੇਸ਼ ਦਰਸ਼ਕਾਂ ਨਾਲ ਸਾਂਝਾ ਕਰ ਸਕਦਾ ਹੈ।

---0---